ਸ'ਚ ਦੀ ਉਭਰਦੀ ਆਵਾਜ਼

ਰੋਜ਼ਾਨਾ ਪੰਜ ਆਬ

www.5aab.media
Rojana 5aab
Sach di ubhardi awaz

ਸੰਪਾਦਕ - ਮਨਜੀਤ ਸਿੰਘ ਭੋਗਲ | ਸਹਿ ਸੰਪਾਦਕ - ਡਾ. ਸੁਰਜੀਤ ਸਿੰਘ ਜਰਮਨੀ

• ਜਰਮਨੀ • ਭਾਰਤ • ਸ਼ੁੱਕਰਵਾਰ 13 ਜੂਨ 2025 • ਸਾਲ 1 • ਅੰਕ 70 • ਪੰਨੇ 8 • Daily online PANJ AAB Newspaper • Germany & India • www.5aab.media



## ਮ੍ਰਿਤਕਾਂ ਦੇ ਪੀੜਤਾਂ ਨੂੰ 1-1 ਕਰੋੜ ਰੁਪਏ ਦੀ ਸਹਾਇਤਾ ਦੇਵੇਗਾ ਟਾਟਾ ਗਰੁੱਪ

ਟਾਟਾ ਗਰੁੱਪ ਇਸ ਦੁਖਾਂਤ ਵਿੱਚ ਜਾਨ ਗੁਆਉਣ ਵਾਲੇ ਹਰੇਕ ਵਿਅਕਤੀ ਦੇ ਪਰਿਵਾਰਾਂ ਨੂੰ 1 ਕਰੋੜ ਰੁਪਏ ਦੀ ਸਹਾਇਤਾ ਪ੍ਰਦਾਨ ਕਰੇਗਾ। ਅਸੀਂ ਜ਼ਖਮੀਆਂ ਦੇ ਡਾਕਟਰੀ ਖਰਚੇ ਵੀ ਪੂਰੇ ਕਰਾਂਗੇ ਅਤੇ ਇਹ ਯਕੀਨੀ ਬਣਾਵਾਂਗੇ ਕਿ ਉਨ੍ਹਾਂ ਨੂੰ ਸਾਰੀ ਲੋੜੀਂਦੀ ਦੇਖਭਾਲ ਅਤੇ ਸਹਾਇਤਾ ਮਿਲੇ। ਇਸ ਤੋਂ ਇਲਾਵਾ, ਅਸੀਂ ਬੀਜੇ ਮੈਡੀਕਲ ਦੇ ਹੋਸਟਲ ਦੇ ਨਿਰਮਾਣ ਵਿੱਚ ਸਹਾਇਤਾ ਪ੍ਰਦਾਨ ਕਰਾਂਗੇ: ਐਨ ਚੰਦਰਸ਼ੇਖਰਨ ਚੇਅਰਮੈਨ, ਟਾਟਾ ਸੰਨਜ਼



# ਅਹਿਮਦਾਬਾਦ ਜਹਾਜ਼ ਹਾਦਸੇ 'ਚ 241 ਲੋਕਾਂ ਦੀ ਮੌਤ

## ਜਹਾਜ਼ 'ਚ 169 ਭਾਰਤੀ ਅਤੇ 61 ਵਿਦੇਸ਼ੀ ਸੀ ਸਵਾਰ

**ਨਵੀਂ ਦਿੱਲੀ :** ਏਅਰ ਇੰਡੀਆ ਦਾ ਬੋਇੰਗ 787 ਡਰੀਮਲਾਈਨਰ ਜਹਾਜ਼ ਵੀਰਵਾਰ ਨੂੰ ਅਹਿਮਦਾਬਾਦ ਵਿੱਚ ਹਾਦਸਾਗ੍ਰਸਤ ਹੋ ਗਿਆ। ਇਸ ਹਾਦਸੇ ਵਿੱਚ ਜਹਾਜ਼ ਵਿੱਚ ਸਵਾਰ ਸਾਰੇ 242 ਲੋਕਾਂ ਦੀ ਮੌਤ ਹੋ ਗਈ। ਅਹਿਮਦਾਬਾਦ ਪੁਲਿਸ ਕਮਿਸ਼ਨਰ ਨੇ ਕਿਹਾ ਕਿ ਇਸ ਹਾਦਸੇ ਵਿੱਚ ਕਿਸੇ ਦਾ ਵੀ ਬਚਣਾ ਮੁਸ਼ਕਲ ਹੈ।

ਡੀਐਨਏ ਟੈਸਟ ਤੋਂ ਬਾਅਦ ਹੋਵੇਗੀ ਪਛਾਣ

ਇਸ ਜਹਾਜ਼ ਵਿੱਚ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੇ ਰੂਪਾਨੀ ਵੀ ਸਵਾਰ ਸਨ। ਜਹਾਜ਼ ਵਿੱਚ 242 ਯਾਤਰੀ ਸਵਾਰ ਸਨ। ਇਨ੍ਹਾਂ ਵਿੱਚ 53 ਬ੍ਰਿਟਿਸ਼, 7 ਪੁਰਤਗਾਲੀ ਅਤੇ ਇੱਕ ਕੈਨੇਡੀਅਨ ਨਾਗਰਿਕ ਸ਼ਾਮਲ ਸੀ। ਹੁਣ ਤੱਕ ਹਾਦਸੇ ਵਾਲੀ ਥਾਂ ਤੋਂ 100 ਲਾਸ਼ਾਂ ਮਿਲੀਆਂ ਹਨ। ਜ਼ਿਆਦਾਤਰ ਲਾਸ਼ਾਂ ਇੰਨੀਆਂ ਬੁਰੀ ਤਰ੍ਹਾਂ ਸੜੀਆਂ ਹੋਈਆਂ ਹਨ ਕਿ ਉਨ੍ਹਾਂ ਦੀ ਪਛਾਣ ਕਰਨਾ ਬਹੁਤ ਮੁਸ਼ਕਲ ਹੈ। ਡੀਐਨਏ ਟੈਸਟ ਤੋਂ ਬਾਅਦ ਹੀ ਉਨ੍ਹਾਂ ਦੀ ਪਛਾਣ ਸੰਭਵ ਹੋਵੇਗੀ।

ਜਹਾਜ਼ ਵਿੱਚ ਸਵਾਰ 230 ਯਾਤਰੀਆਂ ਵਿੱਚੋਂ 169 ਭਾਰਤੀ ਨਾਗਰਿਕ ਸਨ, ਜਦੋਂ ਕਿ ਬਾਕੀ 61 ਵਿਦੇਸ਼ੀ ਨਾਗਰਿਕ ਸਨ। ਇਨ੍ਹਾਂ ਵਿਦੇਸ਼ੀ ਨਾਗਰਿਕਾਂ ਵਿੱਚ 53 ਬ੍ਰਿਟਿਸ਼, 7 ਪੁਰਤਗਾਲੀ ਅਤੇ 1 ਕੈਨੇਡੀਅਨ ਨਾਗਰਿਕ ਸ਼ਾਮਲ ਹਨ। ਏਅਰ ਇੰਡੀਆ ਨੇ ਇਨ੍ਹਾਂ ਅੰਕੜਿਆਂ ਦੀ ਪੁਸ਼ਟੀ ਕੀਤੀ ਹੈ।

ਸਿਹਤ ਪ੍ਰਮੁੱਖ ਸਕੱਤਰ ਧਨੰਜੈ ਦਿਵੇਦੀ ਦੇ ਅਨੁਸਾਰ, ਅਹਿਮਦਾਬਾਦ ਸਿਵਲ ਹਸਪਤਾਲ ਨੇ ਅਹਿਮਦਾਬਾਦ ਜਹਾਜ਼ ਹਾਦਸੇ ਵਿੱਚ ਮ੍ਰਿਤਕਾਂ ਦੇ ਰਿਸ਼ਤੇਦਾਰਾਂ ਦੀ ਪਛਾਣ ਲਈ ਉਨ੍ਹਾਂ ਦੇ ਡੀਐਨਏ ਨਮੂਨੇ ਇਕੱਠੇ ਕਰਨ ਦਾ ਪ੍ਰਬੰਧ ਕੀਤਾ ਹੈ। ਅਹਿਮਦਾਬਾਦ ਸਿਵਲ ਹਸਪਤਾਲ ਦੇ ਕਸੌਟੀ ਭਵਨ ਵਿੱਚ ਡੀਐਨਏ ਨਮੂਨੇ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ।



## ਰਾਸ਼ਟਰਪਤੀ ਮੁਰਮੂ ਨੇ ਕੀਤਾ ਦੁੱਖ ਪ੍ਰਗਟ

**ਨਵੀਂ ਦਿੱਲੀ।** ਅਹਿਮਦਾਬਾਦ ਦੇ ਜਹਾਜ਼ ਹਾਦਸੇ ਨੂੰ ਦਿਲ-ਕੰਬਾਊ ਤਬਾਹੀ ਦੱਸਦਿਆਂ ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਕਿਹਾ ਹੈ ਕਿ ਇਸ ਅਸਹਿ ਦੁੱਖ ਦੀ ਘੜੀ ਵਿਚ ਪੂਰਾ ਦੇਸ਼ ਇਸ ਹਾਦਸੇ ਦੇ ਪੀੜਤਾਂ ਨਾਲ ਖੜ੍ਹਾ ਹੈ। ਉਨ੍ਹਾਂ ਸੋਸ਼ਲ ਮੀਡੀਆ ਤੇ ਪੋਸਟ ਸਾਂਝੀ ਕਰਦਿਆਂ ਲਿਖਿਆ ਕਿ ਉਹ ਇਸ ਹਾਦਸੇ ਦੀ ਘਟਨਾ ਤੋਂ ਬਹੁਤ ਦੁਖੀ ਹਨ। ਉਨ੍ਹਾਂ ਕਿਹਾ, "ਇਹ ਦਿਲ-ਕੰਬਾਊ ਤ੍ਰਾਸਦੀ ਹੈ। ਮੇਰੀ ਹਮਦਰਦੀ ਅਤੇ ਪ੍ਰਾਰਥਨਾਵਾਂ ਪ੍ਰਭਾਵਿਤ ਲੋਕਾਂ ਦੇ ਨਾਲ ਹਨ। ਇਸ ਅਸਹਿ ਦੁੱਖ ਦੀ ਘੜੀ ਵਿਚ ਪੂਰਾ ਰਾਸ਼ਟਰ ਉਨ੍ਹਾਂ ਦੇ ਨਾਲ ਖੜ੍ਹਾ ਹੈ।"



## ਹਾਦਸੇ ਤੋਂ ਬਹੁਤ ਦੁਖੀ ਹਾਂ - ਮੋਦੀ

**ਨਵੀਂ ਦਿੱਲੀ।** ਅਹਿਮਦਾਬਾਦ ਵਿੱਚ ਹੋਏ ਜਹਾਜ਼ ਹਾਦਸੇ ਨੇ ਪੂਰੇ ਦੇਸ਼ ਨੂੰ ਹੈਰਾਨ ਅਤੇ ਦੁਖੀ ਕਰ ਦਿੱਤਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੀ ਪੋਸਟ ਵਿੱਚ ਇਸ ਦੁਖਾਂਤ ਨੂੰ ਦਿਲ ਤੋੜਨ ਵਾਲਾ ਦੱਸਿਆ। ਪ੍ਰਧਾਨ ਮੰਤਰੀ ਨੇ ਕਿਹਾ ਕਿ ਮੈਂ ਪ੍ਰਭਾਵਿਤ ਲੋਕਾਂ ਪ੍ਰਤੀ ਆਪਣੀ ਸੰਵੇਦਨਾ ਪ੍ਰਗਟ ਕਰਦਾ ਹਾਂ। ਉਨ੍ਹਾਂ ਕਿਹਾ ਕਿ ਮੈਂ ਮੰਤਰੀਆਂ ਅਤੇ ਅਧਿਕਾਰੀਆਂ ਦੇ ਸੰਪਰਕ ਵਿੱਚ ਰਹਿ ਕੇ ਰਾਹਤ ਕਾਰਜਾਂ ਦੀ ਨਿਗਰਾਨੀ ਕਰ ਰਿਹਾ ਹਾਂ।



### ਅਹਿਮਦਾਬਾਦ ਜਹਾਜ਼ ਹਾਦਸੇ ਵਿੱਚ

## ਵਿਜੇ ਰੂਪਾਨੀ ਦੀ ਹੋਈ ਮੌਤ

### ਦੋ ਵਾਰ ਰਹੇ ਨੇ ਗੁਜਰਾਤ ਦੇ ਮੁੱਖ ਮੰਤਰੀ

**ਅਹਿਮਦਾਬਾਦ।** ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੇ ਰੂਪਾਨੀ ਦੀ ਅਹਿਮਦਾਬਾਦ ਹਵਾਈ ਅੱਡੇ ਨੇੜੇ ਇੱਕ ਜਹਾਜ਼ ਹਾਦਸੇ ਵਿੱਚ ਮੌਤ ਹੋ ਗਈ। ਉਹ ਯਾਤਰੀ ਸੂਚੀ ਵਿੱਚ 12ਵੇਂ ਯਾਤਰੀ ਨੰਬਰ 'ਤੇ ਸਨ।



## ਅਮਿਤ ਸ਼ਾਹ ਨੇ ਅਹਿਮਦਾਬਾਦ 'ਚ ਜਹਾਜ਼ ਹਾਦਸੇ 'ਤੇ ਪ੍ਰਗਟਾਇਆ ਦੁੱਖ

**ਨਵੀਂ ਦਿੱਲੀ।** ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅਹਿਮਦਾਬਾਦ 'ਚ ਹੋਏ ਜਹਾਜ਼ ਹਾਦਸੇ ਬਾਰੇ ਆਪਣੇ ਸ਼ੋਸ਼ਲ ਮੀਡੀਆ 'ਤੇ ਟਵੀਟ ਕਰਕੇ ਦੁਖ ਜਾਹਿਰ ਕੀਤਾ ਅਤੇ ਲਿਖਿਆ ਕਿ "ਅਹਿਮਦਾਬਾਦ 'ਚ ਹੋਏ ਜਹਾਜ਼ ਹਾਦਸੇ ਦੇ ਦਰਦ ਨੂੰ ਸ਼ਬਦਾਂ ਵਿਚ ਬਿਆਨਿਆ ਨਹੀਂ ਜਾ ਸਕਦਾ। ਸਥਿਤੀ ਦਾ ਜਾਇਜ਼ਾ ਲੈਣ ਲਈ ਗੁਜਰਾਤ ਦੇ ਮੁੱਖ ਮੰਤਰੀ ਭੂਪੇਂਦਰ ਪਟੇਲ, ਗ੍ਰਹਿ ਮੰਤਰੀ ਹਰਸ਼ ਸੰਘਵੀ ਅਤੇ ਪੁਲਿਸ ਕਮਿਸ਼ਨਰ ਅਹਿਮਦਾਬਾਦ ਨਾਲ ਗੱਲ ਕੀਤੀ ਅਤੇ ਹਰ ਤਰ੍ਹਾਂ ਦੀ ਕੇਂਦਰੀ ਸਹਾਇਤਾ ਦਾ ਵਾਅਦਾ ਕੀਤਾ ਹੈ।

## ਮੈਂ ਭਾਰਤ ਦੇ ਲੋਕਾਂ ਪ੍ਰਤੀ ਆਪਣੀ ਡੂੰਘੀ ਸੰਵੇਦਨਾ ਪ੍ਰਗਟ ਕਰਦਾ ਹਾਂ - ਬਿਲਾਵਲ ਭੁੱਟੋ

**ਅਹਿਮਦਾਬਾਦ** - ਵੀਰਵਾਰ ਦੁਪਹਿਰ ਨੂੰ ਅਹਿਮਦਾਬਾਦ ਤੋਂ ਲੰਡਨ ਜਾ ਰਿਹਾ ਏਅਰ ਇੰਡੀਆ ਦਾ ਜਹਾਜ਼ ਉਡਾਣ ਭਰਨ ਤੋਂ ਬਾਅਦ ਹਾਦਸਾਗ੍ਰਸਤ ਹੋ ਗਿਆ। ਹਾਦਸੇ ਸਮੇਂ ਜਹਾਜ਼ ਵਿੱਚ ਦੋ ਪਾਇਲਟ ਅਤੇ 10 ਕੈਬਿਨ ਕਰੂ ਮੈਂਬਰ



ਸ਼ਾਮਲ ਸਨ। ਜਹਾਜ਼ ਹਾਦਸੇ ਤੋਂ ਬਾਅਦ ਕਈ ਵੀਡੀਓ ਵੀ ਸਾਹਮਣੇ ਆਏ ਹਨ, ਜੋ ਦਰਦਨਾਕ ਦ੍ਰਿਸ਼ ਨੂੰ ਬਿਆਨ ਕਰ ਰਹੇ ਹਨ। ਇਸ ਹਾਦਸੇ ਸਬੰਧੀ ਪਾਕਿਸਤਾਨ ਦੇ ਸਾਬਕਾ ਵਿਦੇਸ਼ ਮੰਤਰੀ ਬਿਲਾਵਲ ਭੁੱਟੋ ਜ਼ਰਦਾਰੀ ਦੀ ਪ੍ਰਤੀਕਿਰਿਆ ਸਾਹਮਣੇ (ਬਾਕੀ 2 ਤੇ)

## ਘੁੰਮਣ ਲਈ ਲੰਡਨ ਜਾ ਰਹੇ ਸਨ ਸ਼ੁਭ ਅਤੇ ਸ਼ਗੁਨ, ਜਹਾਜ਼ ਹਾਦਸੇ 'ਚ ਉਦੈਪੁਰ ਦੇ ਭੈਣ-ਭਰਾ ਦੀ ਦਰਦਨਾਕ ਹੋਈ ਮੌਤ

**ਅਹਿਮਦਾਬਾਦ** - ਅਹਿਮਦਾਬਾਦ ਵਿੱਚ ਏਅਰ ਇੰਡੀਆ ਦੇ ਜਹਾਜ਼ ਹਾਦਸੇ ਨਾਲ ਉਦੈਪੁਰ ਵੀ ਹਿੱਲ ਗਿਆ ਹੈ। ਜਹਾਜ਼ ਵਿੱਚ ਉਦੈਪੁਰ ਦੇ ਚਾਰ ਸਥਾਨਕ ਲੋਕ ਸਵਾਰ ਸਨ। ਉਦੈਪੁਰ ਦੇ ਮਾਰਬਲ ਕਾਰੋਬਾਰੀ



ਪਿੰਕੂ ਮੋਦੀ ਦਾ 24 ਸਾਲਾ ਪੁੱਤਰ ਸ਼ੁਭ ਅਤੇ 22 ਸਾਲਾ ਧੀ ਸ਼ਗੁਨ ਮੋਦੀ ਸਵਾਰ ਸਨ। ਰੁੰਡੇਡਾ ਪਿੰਡ ਦੇ ਵਰਦੀ ਚੰਦ ਮੇਨਾਰੀਆ ਅਤੇ ਪ੍ਰਕਾਸ਼ ਮੇਨਾਰੀਆ ਵੀ ਅਹਿਮਦਾਬਾਦ ਤੋਂ ਲੰਡਨ ਜਾ ਰਹੇ ਸਨ। ਹਾਦਸੇ ਦੀ ਖ਼ਬਰ ਮਿਲਦੇ ਹੀ ਪਿੰਕੂ ਮੋਦੀ ਦਾ ਪਰਿਵਾਰ ਅਹਿਮਦਾਬਾਦ ਲਈ ਰਵਾਨਾ ਹੋ ਗਿਆ ਹੈ। ਮੁੱਖ ਮੰਤਰੀ ਭਜਨ ਲਾਲ ਸ਼ਰਮਾ ਨੇ ਆਪਣੇ ਸਾਰੇ ਪ੍ਰੋਗਰਾਮ ਰੱਦ ਕਰਨ ਤੋਂ (ਬਾਕੀ 2 ਤੇ)

### ਜਹਾਜ਼ ਹਾਦਸੇ ਤੋਂ ਬਚੇ ਇੱਕ ਵਿਅਕਤੀ ਨੇ ਦੱਸੀ ਦਿਲ ਕੰਬਾਊ ਹੱਡਬੀਤੀ

## 'ਅੱਖਾਂ ਖੋਲ੍ਹੀਆਂ ਤਾਂ ਚਾਰੇ ਪਾਸੇ ਲਾਸ਼ਾਂ ਸਨ'

**ਨਵੀਂ ਦਿੱਲੀ :** ਗੁਜਰਾਤ ਦੇ ਅਹਿਮਦਾਬਾਦ ਵਿੱਚ ਏਅਰ ਇੰਡੀਆ ਦਾ ਜਹਾਜ਼ ਹਾਦਸਾਗ੍ਰਸਤ ਹੋ ਗਿਆ । ਇਹ ਜਹਾਜ਼ ਅਹਿਮਦਾਬਾਦ ਤੋਂ ਲੰਡਨ ਜਾ ਰਿਹਾ ਸੀ। ਨਿਊਜ਼ ਏਜੰਸੀ ਏਐਨਆਈ ਦੇ ਅਨੁਸਾਰ, ਜਹਾਜ਼ ਵਿੱਚ 242 ਯਾਤਰੀ ਸਵਾਰ ਸਨ। ਜਾਣਕਾਰੀ ਅਨੁਸਾਰ, ਜਹਾਜ਼ ਵਿੱਚ ਸਵਾਰ 241 ਲੋਕਾਂ ਦੀ ਮੌਤ ਹੋ ਗਈ। ਇੰਡੀਆ ਟੂਡੇ ਦੀ ਰਿਪੋਰਟ ਅਨੁਸਾਰ, ਇਸ ਹਾਦਸੇ ਵਿੱਚ ਇੱਕ ਯਾਤਰੀ ਦੀ ਜਾਨ ਬਚ ਗਈ ਹੈ। ਉਸਦਾ ਨਾਮ ਰਮੇਸ਼ ਵਿਸ਼ਵਾਸ ਕੁਮਾਰ ਦੱਸਿਆ ਜਾ ਰਿਹਾ ਹੈ । ਉਸਨੇ ਕਿਹਾ, 'ਜਦੋਂ ਮੈਂ ਆਪਣੀਆਂ ਅੱਖਾਂ ਖੋਲ੍ਹੀਆਂ, ਤਾਂ ਚਾਰੇ ਪਾਸੇ ਲਾਸ਼ਾਂ ਸਨ। ਮੈਂ ਡਰ ਗਿਆ। ਇਸ ਤੋਂ ਬਾਅਦ ਮੈਂ ਖੜ੍ਹਾ ਹੋ ਗਿਆ ਅਤੇ ਬੱਸ ਦੌੜਨਾ ਸ਼ੁਰੂ ਕਰ ਦਿੱਤਾ।' ਉਸਨੇ ਅੱਗੇ ਕਿਹਾ ਕਿ ਉਡਾਣ ਭਰਨ ਤੋਂ ਲਗਭਗ 30 ਸਕਿੰਟਾਂ ਬਾਅਦ, ਇੱਕ ਤੇਜ਼ ਆਵਾਜ਼ ਆਈ ਅਤੇ ਫਿਰ ਜਹਾਜ਼ ਜ਼ਮੀਨ ਨਾਲ ਟਕਰਾ (ਬਾਕੀ 2 ਤੇ)

## ਸੀਐੱਮ ਮਾਨ ਨੇ ਪ੍ਰਗਟਾਇਆ ਦੁੱਖ



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਸ ਘਟਨਾ ਤੇ ਦੁੱਖ ਪ੍ਰਗਟ ਕਰਦੇ ਹੋਏ ਕਿਹਾ ਕਿ ਅਹਿਮਦਾਬਾਦ ਤੋਂ ਦਿਲ ਦਹਿਲਾ ਦੇਣ ਵਾਲੀ ਖ਼ਬਰ ਮਿਲੀ ਹੈ। ਇੱਕ ਯਾਤਰੀ ਜਹਾਜ਼ ਉਡਾਣ ਦੌਰਾਨ ਰਿਹਾਇਸ਼ੀ ਖੇਤਰ ਦੇ ਨੇੜੇ ਹਾਦਸਾਗ੍ਰਸਤ ਹੋ ਗਿਆ ਹੈ। ਧੂੰਏਂ ਅਤੇ ਤਬਾਹੀ ਦੀਆਂ ਤਸਵੀਰਾਂ ਬੇਹੱਦ ਪਰੇਸ਼ਾਨ ਕਰਨ ਵਾਲੀਆਂ ਹਨ। ਪਰਮਾਤਮਾ ਅੱਗੇ ਅਰਦਾਸ ਕਰਦੇ ਹਾਂ।

## ਜਹਾਜ਼ ਹਾਦਸੇ ਤੋਂ ਬੇਹੱਦ ਦੁਖੀ - ਰਾਜਾ ਵੜਿੰਗ



ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਅਹਿਮਦਾਬਾਦ ਨੇੜੇ ਹੋਏ ਏਅਰ ਇੰਡੀਆ ਦੇ ਜਹਾਜ਼ ਹਾਦਸੇ ਦੀ ਖ਼ਬਰ ਤੋਂ ਬਹੁਤ ਦੁੱਖ ਹੋਇਆ ਹੈ। ਜਿਸ ਵਿੱਚ 242 ਯਾਤਰੀ ਸਵਾਰ ਸਨ। ਮੇਰੀ ਪ੍ਰਾਰਥਨਾਵਾਂ ਯਾਤਰੀ ਅਤੇ ਚਾਲਕ ਦਲ ਦੇ ਮੈਂਬਰਾਂ ਨਾਲ ਹਨ। ਜ਼ਖਮੀਆਂ ਦੀ ਜਲਦੀ ਸਿਹਤਯਾਬੀ ਦੀ ਕਾਮਨਾ ਕਰਦੇ ਹੋਏ ਅਤੇ ਸਾਰਿਆਂ ਦੀ ਸੁਰੱਖਿਆ ਦੀ ਕਾਮਨਾ ਕਰਦੇ ਹਾਂ।

## ਜਹਾਜ਼ ਹਾਦਸੇ ਤੋਂ ਬੇਹੱਦ ਦੁਖੀ -ਸੁਖਬੀਰ ਬਾਦਲ



ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਉਹ ਅਹਿਮਦਾਬਾਦ ਜਹਾਜ਼ ਹਾਦਸੇ ਤੋਂ ਦੁਖੀ ਹਾਂ। ਸਾਰੇ ਯਾਤਰੀਆਂ ਅਤੇ ਚਾਲਕ ਦਲ ਦੀ ਸੁਰੱਖਿਆ ਲਈ ਪ੍ਰਾਰਥਨਾ ਕਰਦਾ ਹਾਂ।

## ਅਹਿਮਦਾਬਾਦ ਦੀ ਘਟਨਾ ਬਹੁਤ ਦੁੱਖਦਾਈ -ਕੈਪਟਨ



ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਅਹਿਮਦਾਬਾਦ ਨੇੜੇ ਏਅਰ ਇੰਡੀਆ ਦੀ ਉਡਾਣ ਦੀ ਦੁਖਦਾਈ ਘਟਨਾ ਬਾਰੇ ਜਾਣ ਕੇ ਬਹੁਤ ਦੁੱਖ ਹੋਇਆ, ਜਿਸ ਵਿੱਚ 242 ਯਾਤਰੀ ਸਵਾਰ ਸਨ। ਮੇਰੇ ਵਿਚਾਰ ਅਤੇ ਪ੍ਰਾਰਥਨਾਵਾਂ ਪ੍ਰਭਾਵਿਤ ਸਾਰੇ ਲੋਕਾਂ ਨਾਲ ਹਨ। ਹਰ ਯਾਤਰੀ ਅਤੇ ਚਾਲਕ ਦਲ ਦੇ ਮੈਂਬਰ ਦੀ ਸੁਰੱਖਿਆ ਅਤੇ ਤੰਦਰੁਸਤੀ ਦੀ ਉਮੀਦ ਕਰਦਾ ਹਾਂ।



## BJ ਮੈਡੀਕਲ ਕਾਲਜ ਦੇ ਹੋਸਟਲ 'ਤੇ ਡਿੱਗਿਆ ਜਹਾਜ਼

# 20 ਵਿਦਿਆਰਥੀਆਂ ਦੀ ਮੌਤ

**ਅਹਿਮਦਾਬਾਦ** - ਗੁਜਰਾਤ ਦੇ ਅਹਿਮਦਾਬਾਦ ਵਿੱਚ ਇੱਕ ਵੱਡਾ ਹਾਦਸਾ ਵਾਪਰਿਆ ਹੈ। ਵੀਰਵਾਰ ਨੂੰ ਏਅਰ ਇੰਡੀਆ ਦਾ ਬੀ-787 ਜਹਾਜ਼, ਜੋ ਕਿ ਫਲਾਈਟ ਏਆਈ-171 ਰਾਹੀਂ ਅਹਿਮਦਾਬਾਦ ਤੋਂ ਲੰਡਨ ਦੇ ਗੈਟਵਿਕ ਜਾ ਰਿਹਾ ਸੀ, ਮੇਘਾਨੀ ਨਗਰ ਦੇ ਰਿਹਾਇਸ਼ੀ ਖੇਤਰ ਵਿੱਚ ਹਾਦਸਾਗ੍ਰਸਤ ਹੋ ਗਿਆ। ਤੁਹਾਨੂੰ ਦੱਸ ਦੇਈਏ ਕਿ ਬੀਜੇ ਮੈਡੀਕਲ ਕਾਲਜ ਮੇਘਾਨੀ ਨਗਰ ਇਲਾਕੇ ਵਿੱਚ ਸਥਿਤ ਹੈ। ਇਹ ਜਹਾਜ਼ ਉਡਾਣ ਭਰਨ ਤੋਂ 5 ਮਿੰਟ ਬਾਅਦ ਇਸ ਮੈਡੀਕਲ ਕਾਲਜ ਦੀ ਹੋਸਟਲ ਇਮਾਰਤ 'ਤੇ ਡਿੱਗ ਗਿਆ। ਹੋਸਟਲ ਦੇ ਉੱਪਰ ਇੱਕ ਕੰਟੀਨ ਹੈ, ਜਿੱਥੇ ਦੁਪਹਿਰ ਨੂੰ ਮੈਡੀਕਲ ਵਿਦਿਆਰਥੀ ਦੁਪਹਿਰ ਦਾ ਖਾਣਾ ਖਾਣ ਆਉਂਦੇ ਹਨ। 20 ਵਿਦਿਆਰਥੀਆਂ ਦੀ ਵੀ ਮੌਤ ਦਾ ਖਦਸ਼ਾ ਹੈ। ਹਾਲਾਂਕਿ, ਇਸਦੀ ਅਧਿਕਾਰਤ ਤੌਰ 'ਤੇ ਪੁਸ਼ਟੀ ਨਹੀਂ ਹੋਈ ਹੈ।

ਬੀਜੇ ਮੈਡੀਕਲ ਕਾਲਜ ਦੇ ਹੋਸਟਲ 'ਤੇ ਡਿੱਗੇ ਏਅਰ ਇੰਡੀਆ ਦੇ ਜਹਾਜ਼ ਦੀਆਂ ਤਸਵੀਰਾਂ ਵੀ ਸਾਹਮਣੇ ਆਈਆਂ ਹਨ। ਤਸਵੀਰਾਂ ਵਿੱਚ ਦੇਖਿਆ ਜਾ ਸਕਦਾ ਹੈ ਕਿ ਜਹਾਜ਼ ਦਾ ਪਿਛਲਾ ਹਿੱਸਾ ਹੋਸਟਲ ਦੀ ਇਮਾਰਤ ਤੋਂ ਲਟਕ ਰਿਹਾ ਹੈ। ਜਦਕਿ ਅਗਲਾ ਹਿੱਸਾ ਪੂਰੀ ਤਰ੍ਹਾਂ ਸੜ ਗਿਆ ਹੈ, ਜਿਸ ਕਾਰਨ ਧੂੰਏਂ ਦਾ ਬੱਦਲ ਉੱਠਦਾ ਦਿਖਾਈ ਦੇ ਰਿਹਾ ਹੈ। ਇਸ ਸਮੇਂ NDRF ਦੀਆਂ ਤਿੰਨ ਟੀਮਾਂ ਮੌਕੇ 'ਤੇ ਪਹੁੰਚ ਗਈਆਂ ਹਨ। ਇਸ ਤੋਂ ਇਲਾਵਾ, ਵਡੋਦਰਾ ਤੋਂ NDRF ਦੀਆਂ ਦੋ ਟੀਮਾਂ ਅਹਿਮਦਾਬਾਦ ਲਈ ਰਵਾਨਾ ਹੋ ਗਈਆਂ ਹਨ। ਅਹਿਮਦਾਬਾਦ ਦੇ ਸਿਵਲ ਹਸਪਤਾਲ ਤੱਕ ਇੱਕ ਹਰਾ ਕੋਰੀਡੋਰ ਬਣਾਇਆ ਗਿਆ ਹੈ। ਜ਼ਖਮੀਆਂ ਨੂੰ ਉੱਥੇ ਦਾਖਲ ਕਰਵਾਇਆ ਜਾ ਰਿਹਾ ਹੈ। ਅਹਿਮਦਾਬਾਦ ਨਗਰ ਨਿਗਮ ਕਮਿਸ਼ਨਰ ਅਤੇ ਪੁਲਿਸ ਕਮਿਸ਼ਨਰ ਮੌਕੇ 'ਤੇ ਮੌਜੂਦ ਹਨ।

ਹਾਦਸੇ ਤੋਂ ਬਾਅਦ ਸੜਕਾਂ ਬੰਦ ਕਰ ਦਿੱਤੀਆਂ ਗਈਆਂ

ਫਾਇਰ ਬ੍ਰਿਗੇਡ ਦੀਆਂ ਤਿੰਨ ਟੀਮਾਂ ਮੌਕੇ 'ਤੇ ਹਨ। ਹਾਦਸੇ ਤੋਂ ਬਾਅਦ ਸੜਕਾਂ ਬੰਦ ਕਰ ਦਿੱਤੀਆਂ ਗਈਆਂ ਹਨ। ਜਹਾਜ਼ ਇੱਕ ਦਰੱਖਤ ਨਾਲ ਟਕਰਾਉਣ ਤੋਂ ਤੁਰੰਤ ਬਾਅਦ ਹਾਦਸਾਗ੍ਰਸਤ ਹੋ ਗਿਆ, ਫਿਰ ਤੁਰੰਤ ਇੱਕ ਵੱਡਾ ਧਮਾਕਾ ਹੋਇਆ ਅਤੇ ਜਹਾਜ਼ ਅੱਗ ਦੀਆਂ ਲਪਟਾਂ ਵਿੱਚ ਘਿਰ ਗਿਆ। ਪੂਰਾ ਜਹਾਜ਼ ਸੜ ਕੇ ਸੁਆਹ ਹੋ ਗਿਆ। ਦੂਰ-ਦੂਰ ਤੱਕ ਧੂੰਏਂ ਦੇ ਬੱਦਲ ਦਿਖਾਈ ਦੇ ਰਹੇ ਸਨ। ਸਾਰੇ ਇਲਾਕੇ ਵਿੱਚ ਧੂੰਆਂ ਫੈਲ ਗਿਆ ਸੀ।

ਜ਼ਖਮੀਆਂ ਨੂੰ ਇਲਾਜ ਲਈ ਤੁਰੰਤ ਅਹਿਮਦਾਬਾਦ ਦੇ ਸਿਵਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਉਨ੍ਹਾਂ ਨੂੰ ਸਿਵਲ ਹਸਪਤਾਲ ਦੇ ਟਰਾਮਾ ਸੈਂਟਰ ਲਿਆਂਦਾ ਗਿਆ ਹੈ। ਐਂਬੂਲੈਂਸ ਨੂੰ ਆਵਾਜਾਈ ਲਈ ਖੁੱਲ੍ਹਾ ਰੱਖਿਆ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ, ਸਿਵਲ ਹਸਪਤਾਲ ਵਿੱਚ ਇਲਾਜ ਅਧੀਨ ਜ਼ਖਮੀ ਲੋਕ ਸਥਾਨਕ ਹਨ।

ਅਹਿਮਦਾਬਾਦ ਦੇ ਹਸਪਤਾਲਾਂ ਨੂੰ ਅਲਰਟ ਕੀਤਾ ਗਿਆ ਇਸ ਘਟਨਾ ਤੋਂ ਬਾਅਦ, ਅਹਿਮਦਾਬਾਦ ਦੇ ਆਲੇ-ਦੁਆਲੇ ਦੇ ਸਾਰੇ ਹਸਪਤਾਲਾਂ ਨੂੰ ਅਲਰਟ ਕਰ ਦਿੱਤਾ ਗਿਆ ਹੈ। ਐਮਰਜੈਂਸੀ ਸੇਵਾਵਾਂ ਨੂੰ ਸਰਗਰਮ ਕਰ ਦਿੱਤਾ ਗਿਆ ਹੈ। ਯਾਤਰੀਆਂ ਨੂੰ ਹਾਦਸੇ ਵਾਲੀ ਥਾਂ ਤੋਂ ਹਸਪਤਾਲ ਲਿਜਾਣ ਲਈ 5 ਵੱਡੀਆਂ ਐਂਬੂਲੈਂਸਾਂ ਨੂੰ ਮੌਕੇ 'ਤੇ ਭੇਜਿਆ ਗਿਆ ਹੈ। ਇਸ ਹਾਦਸੇ ਬਾਰੇ ਜਾਣਕਾਰੀ ਦਿੰਦੇ ਹੋਏ, ਏਅਰ ਇੰਡੀਆ ਨੇ ਕਿਹਾ ਹੈ ਕਿ ਅਹਿਮਦਾਬਾਦ-ਲੰਡਨ ਗੈਟਵਿਕ ਫਲਾਈਟ ਨੰਬਰ 19171 ਹਾਦਸਾਗ੍ਰਸਤ ਹੋ ਗਿਆ ਹੈ। ਅਸੀਂ ਘਟਨਾ ਬਾਰੇ ਜਾਣਕਾਰੀ ਇਕੱਠੀ ਕਰ ਰਹੇ

## ਵੋਲੋਦੀਮੀਰ ਜ਼ੈਲੇਸਕੀ ਭਾਰਤ 'ਚ ਜਹਾਜ਼ ਹਾਦਸੇ 'ਤੇ ਪੀਐਮ ਮੋਦੀ ਨਾਲ ਪ੍ਰਗਟਾਇਆ ਦੁੱਖ

**ਨਵੀਂ ਦਿੱਲੀ।** ਅਹਿਮਦਾਬਾਦ ਤੋਂ ਗੈਟਵਿਕ (ਯੂਕੇ) ਜਾ ਰਹੀ ਫਲਾਈਟ ਨੰਬਰ ਏਆਈ 171 ਦਾ ਬੋਇੰਗ 787 ਜਹਾਜ਼ ਉਡਾਣ ਭਰਨ ਤੋਂ ਥੋੜ੍ਹੀ ਦੇਰ ਬਾਅਦ ਹੀ ਹਾਦਸਾਗ੍ਰਸਤ ਹੋ ਗਿਆ। ਜਹਾਜ਼ ਵਿੱਚ 242 ਲੋਕ ਸਵਾਰ ਸਨ, ਜਿਨ੍ਹਾਂ ਵਿੱਚ 12 ਚਾਲਕ ਦਲ ਦੇ ਮੈਂਬਰ ਵੀ ਸ਼ਾਮਲ ਸਨ।

ਇਸ ਮੌਕੇ ਵੋਲੋਦੀਮੀਰ ਜ਼ੈਲੇਸਕੀ ਨੇ ਭਾਰਤ 'ਚ ਜਹਾਜ਼ ਹਾਦਸੇ 'ਤੇ ਪੀਐਮ ਮੋਦੀ ਨਾਲ ਦੁੱਖ ਪ੍ਰਗਟਾਇਆ ਹੈ। ਉਨ੍ਹਾਂ ਨੇ ਟਵੀਟ ਕਰਕੇ ਲਿਖਿਆ ਹੈ ਕਿ "ਇਹ ਬਹੁਤ ਦੁਖਦਾਈ ਖ਼ਬਰ ਹੈ। ਇਸ ਦੁਖਦਾਈ ਦਿਨ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਰਤ ਦੇ ਸਾਰੇ ਲੋਕਾਂ ਪ੍ਰਤੀ ਮੇਰੀਆਂ ਡੂੰਘੀਆਂ ਸੰਵੇਦਨਾਵਾਂ ਹਨ। ਸਾਡੀਆਂ ਭਾਵਨਾਵਾਂ ਭਾਰਤ, ਯੂਕੇ, ਪੁਰਤਗਾਲ ਅਤੇ ਕੈਨੇਡਾ ਵਿੱਚ ਸਾਰੇ ਪੀੜਤਾਂ ਦੇ ਰਿਸ਼ਤੇਦਾਰਾਂ ਅਤੇ ਨਜ਼ਦੀਕੀਆਂ ਨਾਲ ਹਨ। ਅਸੀਂ ਇਸ ਦੁਖਦਾਈ ਦਿਨ 'ਤੇ ਤੁਹਾਡੇ ਨਾਲ ਦੁੱਖ ਨੂੰ ਸਾਂਝਾ ਕਰਦੇ ਹਾਂ। ਅਸੀਂ ਸਾਰੇ ਵੱਧ ਤੋਂ ਵੱਧ ਜਾਨਾਂ ਬਚਾਉਣ ਲਈ ਪ੍ਰਾਰਥਨਾ ਕਰਦੇ ਹਾਂ ਅਤੇ ਜ਼ਖਮੀਆਂ ਦੇ ਜਲਦੀ ਠੀਕ ਹੋਣ ਦੀ ਕਾਮਨਾ ਕਰਦੇ ਹਾਂ।"

## ਭਾਜਪਾ ਪੰਜਾਬ ਇੰਚਾਰਜ ਵਿਜੇ ਰੁਪਾਣੀ ਦਾ ਦੇਹਾਂਤ 'ਤੇ ਸੁਨੀਲ ਜਾਖੜ ਨੇ ਦੁੱਖ ਪ੍ਰਗਟਾਇਆ



**ਚੰਡੀਗੜ੍ਹ।** ਅਹਿਮਦਾਬਾਦ ਜਹਾਜ਼ ਹਾਦਸੇ 'ਚ ਗੁਜਰਾਤ ਦੇ ਸਾਬਕਾ ਸੀਐਮ ਤੇ ਭਾਜਪਾ ਪੰਜਾਬ ਇੰਚਾਰਜ ਵਿਜੇ ਰੁਪਾਣੀ ਦਾ ਦੇਹਾਂਤ 'ਤੇ ਸੁਨੀਲ ਜਾਖੜ ਨੇ ਦੁੱਖ ਪ੍ਰਗਟਾਇਆ ਹੈ। ਉਨ੍ਹਾਂ ਨੇ ਟਵੀਟ ਕਰਕੇ ਲਿਖਿਆ ਹੈ ਕਿ "ਇਹ ਜਾਣ ਕੇ ਬਹੁਤ ਦੁੱਖ ਹੋਇਆ ਕਿ ਸ਼੍ਰੀ ਵਿਜੇ ਰੂਪਾਨੀ ਜੀ ਅੱਜ ਅਹਿਮਦਾਬਾਦ 'ਚ ਹਾਦਸਾਗ੍ਰਸਤ ਹੋਏ ਏਅਰ ਇੰਡੀਆ ਦੇ ਜਹਾਜ਼ 'ਚ ਸਵਾਰ ਸਨ। ਗੁਜਰਾਤ ਦੇ ਸੀਐਮ ਵਜੋਂ ਉਨ੍ਹਾਂ ਦੇ ਯੋਗਦਾਨ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਉਹ ਇੱਕ ਨਿਮਰ ਅਤੇ ਹਮਦਰਦ ਇਨਸਾਨ ਅਤੇ ਇੱਕ ਜ਼ਮੀਨੀ ਪੱਧਰ ਦੇ ਨੇਤਾ ਸਨ।" ਮੈਨੂੰ ਉਨ੍ਹਾਂ ਨਾਲ ਜੁੜਨ ਦਾ ਸੁਭਾਗ ਪ੍ਰਾਪਤ ਹੋਇਆ ਹੈ ਕਿਉਂਕਿ ਉਹ ਪੰਜਾਬ ਭਾਜਪਾ ਦੇ ਇੰਚਾਰਜ ਸਨ। ਉਹ ਇੱਕ ਸੱਚੇ 'ਸੱਜਣ ਸਿਆਸਤਦਾਨ' ਸਨ। ਗੁਜਰਾਤ ਨੇ ਨਾ ਸਿਰਫ਼ ਉਨ੍ਹਾਂ ਵਿੱਚ ਇੱਕ ਮਹਾਨ ਨੇਤਾ ਗੁਆ ਦਿੱਤਾ ਹੈ, ਸਗੋਂ ਇਹ ਮੇਰੇ ਲਈ ਇੱਕ ਨਿੱਜੀ ਘਾਟਾ ਹੈ, ਕਿਉਂਕਿ ਮੈਨੂੰ ਉਨ੍ਹਾਂ ਦਾ ਕੋਮਲ ਅਤੇ ਨਰਮ ਸੁਭਾਅ ਬਹੁਤ ਪਿਆਰਾ ਲੱਗਿਆ। ਜਨਤਕ ਜੀਵਨ ਵਿੱਚ ਉਨ੍ਹਾਂ ਦੀ ਸਮਝਦਾਰੀ ਅਤੇ ਸਾਦਗੀ ਦੀ ਘਾਟ ਮਹਿਸੂਸ ਹੋਵੇਗੀ।

## ਵਿਆਹ ਤੋਂ 5 ਮਹੀਨੇ ਬਾਅਦ ਆਪਣੇ ਪਤੀ ਨੂੰ ਮਿਲਣ ਜਾ ਰਹੀ ਸੀ ਲੰਡਨ



**ਬਾੜਮੇਰ-** ਇਹ ਯਾਤਰਾ ਬਲੋਤਰਾ ਜ਼ਿਲ੍ਹੇ ਦੇ ਅਰਬਾ ਦੁਦਾਵਾਟਾ ਪਿੰਡ ਦੀ ਖੁਸ਼ਬੂ ਕੰਵਰ ਲਈ ਇੱਕ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਹੋਣ ਵਾਲੀ ਸੀ, ਪਰ ਕਿਸਮਤ ਨੂੰ ਕੁਝ ਹੋਰ ਹੀ ਲਿਖਿਆ ਸੀ। ਖੁਸ਼ਬੂ ਰਾਜਪੁਰੋਹਿਤ ਵਿਆਹ ਤੋਂ ਬਾਅਦ ਪਹਿਲੀ ਵਾਰ ਆਪਣੇ ਪਤੀ ਨੂੰ ਮਿਲਣ ਲੰਡਨ ਜਾ ਰਹੀ ਸੀ। ਉਹ ਅਹਿਮਦਾਬਾਦ ਵਿੱਚ ਏਅਰ ਇੰਡੀਆ ਦੇ ਫਲਾਈਟ ਹਾਦਸੇ ਦਾ ਸ਼ਿਕਾਰ ਹੋ ਗਈ। ਖੁਸ਼ਬੂ ਬਲੋਤਰਾ ਜ਼ਿਲ੍ਹੇ ਦੇ ਅਰਬਾ ਦੁਦਾਵਾਟਾ ਪਿੰਡ ਦੇ ਮਦਨਸਿੰਘ ਰਾਜਪੁਰੋਹਿਤ ਦੀ ਧੀ ਹੈ। ਉਸਦਾ ਵਿਆਹ 18 ਜਨਵਰੀ ਨੂੰ ਲੂਣੀ ਦੇ ਖਰਬੈਰਾ ਪੁਰੋਹਿਤ ਦੇ ਰਹਿਣ ਵਾਲੇ ਵਿਪੁਲ ਸਿੰਘ ਰਾਜਪੁਰੋਹਿਤ ਨਾਲ ਹੋਇਆ ਸੀ। ਵਿਪੁਲ ਲੰਡਨ ਵਿੱਚ ਇੱਕ ਡਾਕਟਰ ਹੈ। ਵੀਜ਼ਾ ਅਤੇ ਹੋਰ ਜ਼ਰੂਰੀ ਦਸਤਾਵੇਜ਼ਾਂ ਨੂੰ ਪੂਰਾ ਕਰਨ ਤੋਂ ਬਾਅਦ, ਖੁਸ਼ਬੂ ਪਹਿਲੀ ਵਾਰ ਆਪਣੇ ਪਤੀ ਨੂੰ ਮਿਲਣ ਲੰਡਨ ਜਾ ਰਹੀ ਸੀ।

ਖੁਸ਼ਬੂ ਲੂਨੀ ਵਿੱਚ ਆਪਣੇ ਸਹੁਰੇ ਘਰ ਰਹਿ ਰਹੀ ਸੀ। ਬੁੱਧਵਾਰ ਨੂੰ, ਉਹ ਪਿੰਡ ਤੋਂ ਅਹਿਮਦਾਬਾਦ ਲਈ ਰਵਾਨਾ ਹੋਈ ਤਾਂ ਜੋ ਉਹ ਵੀਰਵਾਰ ਨੂੰ ਫਲਾਈਟ ਫੜ ਸਕੇ। ਕਿਸੇ ਨੇ ਸੋਚਿਆ ਵੀ ਨਹੀਂ ਸੀ ਕਿ ਇਹ ਯਾਤਰਾ ਇੰਨਾ ਦੁਖਦਾਈ ਮੋੜ ਲਵੇਗੀ। ਏਅਰ ਇੰਡੀਆ ਦੀ ਫਲਾਈਟ 19 171 ਵੀਰਵਾਰ ਨੂੰ ਅਹਿਮਦਾਬਾਦ ਦੇ ਮੇਘਨਾਨੀ ਨਗਰ ਵਿੱਚ ਉਡਾਣ ਭਰਨ ਤੋਂ ਥੋੜ੍ਹੀ ਦੇਰ ਬਾਅਦ ਹੀ ਹਾਦਸਾਗ੍ਰਸਤ ਹੋ ਗਈ।

ਹਾਦਸੇ ਦੀ ਖ਼ਬਰ ਮਿਲਦੇ ਹੀ ਖੁਸ਼ਬੂ ਦੇ ਪਿੰਡ ਅਰਬਾ ਦੁਦਾਵਾਟਾ ਅਤੇ ਸਹੁਰੇ ਘਰ ਲੂਣੀ ਦੋਵਾਂ ਵਿੱਚ ਸੋਗ ਦੀ ਲਹਿਰ ਫੈਲ ਗਈ। ਖੁਸ਼ਬੂ ਦੇ ਮਾਤਾ-ਪਿਤਾ ਅਤੇ ਸਹੁਰੇ ਪਰਿਵਾਰ ਪੂਰੀ ਤਰ੍ਹਾਂ ਸਦਮੇ ਵਿੱਚ ਹਨ। ਪਿੰਡ ਵਾਸੀ ਉਨ੍ਹਾਂ ਦੇ ਘਰ ਪਹੁੰਚੇ ਅਤੇ ਪਰਿਵਾਰ ਨੂੰ ਦਿਲਾਸਾ ਦਿੱਤਾ। ਏਅਰ ਇੰਡੀਆ ਦੀ ਉਡਾਣ 19 171 ਵਿੱਚ 232 ਯਾਤਰੀ ਅਤੇ 10 ਚਾਲਕ ਦਲ ਦੇ ਮੈਂਬਰ ਸਵਾਰ ਸਨ। ਹਾਦਸੇ ਤੋਂ ਬਾਅਦ ਖ਼ਬਰਾਂ ਆ ਰਹੀਆਂ ਹਨ ਕਿ 200 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਹੈ। ਜਹਾਜ਼ ਲੰਡਨ ਜਾ ਰਿਹਾ ਸੀ, ਪਰ ਅਹਿਮਦਾਬਾਦ ਹਵਾਈ ਅੱਡੇ ਤੋਂ ਉਡਾਣ ਭਰਨ ਦੇ ਕੁਝ ਮਿੰਟਾਂ ਬਾਅਦ ਹੀ ਹਾਦਸਾਗ੍ਰਸਤ ਹੋ ਗਿਆ।

## ਪੇਜ਼ ਇੱਕ ਦਾ ਬਾਕੀ

**ਮੈਂ ਭਾਰਤ ਦੇ..**

ਆਈ ਹੈ। ਬਿਲਾਵਲ ਭੁੱਟੋ ਨੇ ਕਿਹਾ ਕਿ ਏਅਰ ਇੰਡੀਆ ਹਾਦਸੇ ਦਾ ਜ਼ਿਕਰ ਕਰਦੇ ਹੋਏ, ਉਹ ਇਸ ਦੁਖਦਾਈ ਘਟਨਾ ਦੀ ਖ਼ਬਰ ਸੁਣ ਕੇ ਦੁਖੀ ਹੋਏ। ਉਨ੍ਹਾਂ ਨੇ ਐਕਸ 'ਤੇ ਪੋਸਟ ਕੀਤਾ ਅਤੇ ਕਿਹਾ, 'ਮੈਂ ਭਾਰਤ ਦੇ ਲੋਕਾਂ ਪ੍ਰਤੀ ਆਪਣੀ ਡੂੰਘੀ ਸੰਵੇਦਨਾ ਪ੍ਰਗਟ ਕਰਦਾ ਹਾਂ।'

**ਘੁੰਮਣ ਲਈ....**

ਬਾਅਦ, ਉਦੈਪੁਰ ਦੇ ਜ਼ਿਲ੍ਹਾ ਕੁਲੈਕਟਰ ਨਾਲ ਗੱਲ ਕੀਤੀ ਹੈ ਅਤੇ ਯਾਤਰੀਆਂ ਦੀ ਹਾਲਤ ਬਾਰੇ ਪੁੱਛਿਆ ਹੈ।

ਸ਼ੁਭ ਮੋਦੀ ਅਤੇ ਸ਼ਗੁਨ ਮੋਦੀ ਕੌਣ ਹਨ?

ਸ਼ੁਭ ਮੋਦੀ (24 ਸਾਲ) ਅਤੇ ਸ਼ਗੁਨ ਮੋਦੀ (22 ਸਾਲ) ਉਦੈਪੁਰ ਦੇ ਮਾਰਬਲ ਕਾਰੋਬਾਰੀ ਪਿੰਕੂ ਮੋਦੀ ਦੇ ਪੁੱਤਰ ਅਤੇ ਧੀ ਹਨ। ਦੋਵਾਂ ਨੇ ਆਪਣਾ ਐਮਬੀਏ ਪੂਰਾ ਕੀਤਾ ਸੀ ਅਤੇ ਹੁਣ ਆਪਣੇ ਪਿਤਾ ਦੇ ਕਾਰੋਬਾਰ ਵਿੱਚ ਮਦਦ ਕਰ ਰਹੇ ਸਨ। ਜਾਣਕਾਰੀ ਅਨੁਸਾਰ, ਦੋਵੇਂ ਭੈਣ-ਭਰਾ ਲੰਡਨ ਯਾਤਰਾ ਲਈ ਜਾ ਰਹੇ ਸਨ, ਜਿੱਥੇ ਉਨ੍ਹਾਂ ਨੇ ਇੱਕ ਦੋਸਤ ਨਾਲ ਰਹਿਣ ਦੀ ਯੋਜਨਾ ਬਣਾਈ ਸੀ। ਜਹਾਜ਼ ਹਾਦਸੇ ਦੀ ਖ਼ਬਰ ਮਿਲਣ ਤੋਂ ਬਾਅਦ, ਪਿੰਕੂ ਮੋਦੀ ਦਾ ਪੂਰਾ ਪਰਿਵਾਰ ਅਹਿਮਦਾਬਾਦ ਲਈ ਰਵਾਨਾ ਹੋ ਗਿਆ। ਯਾਤਰੀ ਸੂਚੀ ਵਿੱਚ ਸ਼ੁਭ ਅਤੇ ਸ਼ਗੁਨ ਦੇ ਨਾਮ 98 ਅਤੇ 99 ਨੰਬਰ 'ਤੇ ਦਰਜ ਹਨ। ਇਸ ਦੌਰਾਨ, ਸਥਾਨਕ ਲੋਕ ਵੀ ਉਨ੍ਹਾਂ ਦੇ ਘਰ ਇਕੱਠੇ ਹੋ ਰਹੇ ਹਨ।

ਮੇਨਾਰੀਆ ਪਰਿਵਾਰ ਦੇ ਮੈਂਬਰ ਵੀ ਜਹਾਜ਼ ਵਿੱਚ ਸਨ

ਉਦੈਪੁਰ ਜ਼ਿਲ੍ਹੇ ਦੇ ਰੁੰਡੇਡਾ ਪਿੰਡ ਦੇ ਵਸਨੀਕ ਵਰਦੀ ਚੰਦ ਮੇਨਾਰੀਆ ਅਤੇ ਪ੍ਰਕਾਸ਼ ਮੇਨਾਰੀਆ ਵੀ ਉਸੇ ਉਡਾਣ ਵਿੱਚ ਸਨ। ਸੂਤਰਾਂ ਅਨੁਸਾਰ, ਦੋਵੇਂ ਲੰਡਨ ਵਿੱਚ ਸ਼ੈੱਫ ਵਜੋਂ ਕੰਮ ਕਰਦੇ ਹਨ। ਉਹ ਕੰਮ ਲਈ ਵਾਪਸ ਆ ਰਹੇ ਸਨ। ਯਾਤਰੀ ਸੂਚੀ ਵਿੱਚ ਉਨ੍ਹਾਂ ਦੇ ਨਾਮ 90 ਅਤੇ 91 ਨੰਬਰ 'ਤੇ ਦਰਜ ਹਨ।

**'ਅੱਖਾਂ ਖੋਲ੍ਹੀਆਂ ...**

ਗਿਆ। ਸਭ ਕੁਝ ਇੰਨੀ ਤੇਜ਼ੀ ਨਾਲ ਹੋਇਆ ਕਿ ਸਮਝਣ ਦਾ ਸਮਾਂ ਹੀ ਨਹੀਂ ਮਿਲਿਆ।

ਰਮੇਸ਼ ਦੀ ਛਾਤੀ, ਅੱਖਾਂ ਅਤੇ ਲੱਤਾਂ 'ਤੇ ਗੰਭੀਰ ਸੱਟਾਂ ਲੱਗੀਆਂ ਹਨ।

ਉਹ ਇਸ ਸਮੇਂ ਹਸਪਤਾਲ ਵਿੱਚ ਇਲਾਜ ਅਧੀਨ ਹੈ। ਉਸਦਾ ਨਾਮ ਰਮੇਸ਼ ਵਿਸ਼ਵਾਸ ਕੁਮਾਰ ਦੱਸਿਆ ਜਾ ਰਿਹਾ ਹੈ। ਉਹ ਸੀਟ 11ਏ 'ਤੇ ਯਾਤਰਾ ਕਰ ਰਿਹਾ ਸੀ। ਇਹ ਜਾਣਕਾਰੀ ਅਹਿਮਦਾਬਾਦ ਦੇ ਪੁਲਿਸ ਕਮਿਸ਼ਨਰ ਜੀਐਸ ਮਲਿਕ ਨੇ ਦਿੱਤੀ।

ਤੁਹਾਨੂੰ ਦੱਸ ਦੇਈਏ ਕਿ ਇਸ ਜਹਾਜ਼ ਵਿੱਚ 53 ਬ੍ਰਿਟਿਸ਼, 7 ਪੁਰਤਗਾਲੀ ਅਤੇ ਇੱਕ ਕੈਨੇਡੀਅਨ ਨਾਗਰਿਕ ਵੀ ਸਵਾਰ ਸਨ। ਇਸ ਹਾਦਸੇ ਵਿੱਚ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੇ ਰੂਪਾਨੀ ਦੀ ਵੀ ਮੌਤ ਹੋ ਗਈ ਸੀ।

## ਪਤੀ ਕਰਦਾ ਸੀ ਸਰੀਰਕ ਸੰਬੰਧ ਬਣਾਉਣ ਦੀ ਜ਼ਿੱਦ

### ਪਤਨੀ ਨੇ ਅੱਧੀ ਰਾਤ ਨੂੰ ਕੀਤੀ ਹੱਤਿਆ; 15 ਦਿਨ ਪਹਿਲਾਂ ਹੋਇਆ ਸੀ ਵਿਆਹ

**ਇੰਦੌਰ** - ਇੰਦੌਰ ਦੇ ਕਾਰੋਬਾਰੀ ਰਾਜਾ ਰਘੂਵੰਸ਼ੀ ਦੇ ਕਤਲ ਦੀ ਗੂੰਜ ਅਜੇ ਸ਼ਾਂਤ ਨਹੀਂ ਹੋਈ ਸੀ ਕਿ ਮਹਾਰਾਸ਼ਟਰ ਦੇ ਸਾਂਗਲੀ ਜ਼ਿਲ੍ਹੇ ਤੋਂ ਇੱਕ ਹੋਰ ਦਿਲ ਦਹਿਲਾ ਦੇਣ ਵਾਲੀ ਘਟਨਾ ਵਾਪਰੀ ਹੈ। ਇੱਥੇ ਇੱਕ 27 ਸਾਲਾ ਔਰਤ ਨੇ ਕਥਿਤ ਤੌਰ 'ਤੇ ਆਪਣੇ 53 ਸਾਲਾ ਪਤੀ ਅਨਿਲ ਲੋਖੰਡੇ ਦੀ ਹੱਤਿਆ ਕਰ ਦਿੱਤੀ। ਇਹ ਵਾਰਦਾਤ ਵਿਆਹ ਤੋਂ ਸਿਰਫ਼ 15 ਦਿਨ ਬਾਅਦ ਵਾਪਰੀ। ਕੁਪਵਾੜ ਐਮਆਈਡੀਸੀ ਪੁਲਿਸ ਸਟੇਸ਼ਨ ਦੇ ਸਹਾਇਕ ਇੰਸਪੈਕਟਰ ਦੀਪਕ ਭੰਡਾਵਲਕਰ ਨੇ ਕਿਹਾ, ÷ਮੰਗਲਵਾਰ ਰਾਤ ਨੂੰ ਜੋੜੇ 'ਚ ਝਗੜਾ ਹੋਇਆ ਸੀ। ਬੁੱਧਵਾਰ ਨੂੰ ਲਗਭਗ 12.30 ਵਜੇ ਜਦੋਂ ਅਨਿਲ ਸੌਂ ਰਿਹਾ ਸੀ ਤਾਂ ਰਾਧਿਕਾ ਨੇ ਉਸਦੇ ਸਿਰ 'ਤੇ ਕੁਹਾੜੀ ਨਾਲ ਵਾਰ ਕੀਤਾ ਅਤੇ ਉਸਦੀ ਮੌਕੇ 'ਤੇ ਹੀ ਮੌਤ ਹੋ ਗਈ। ਉਸਨੇ ਆਪਣੀ ਚਚੇਰੀ ਭੈਣ ਨੂੰ ਇਸ ਬਾਰੇ ਦੱਸਿਆ। ਅਸੀਂ ਔਰਤ ਨੂੰ ਗ੍ਰਿਫ਼ਤਾਰ ਕਰਕੇ ਅਦਾਲਤ ਵਿੱਚ ਪੇਸ਼ ਕੀਤਾ। ਅਦਾਲਤ ਨੇ ਦੋ ਦਿਨ ਦਾ ਪੁਲਿਸ ਰਿਮਾਂਡ ਦਿੱਤਾ ਹੈ।' ਪੁਲਿਸ ਨੇ ਕਿਹਾ ਕਿ ਆਰੋਪੀ ਔਰਤ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਉਸਨੂੰ ਸਾਂਗਲੀ ਜ਼ਿਲ੍ਹੇ ਦੀ ਕੁਪਵਾੜ ਤਹਿਸੀਲ ਵਿੱਚ ਉਸਦੇ ਘਰ ਤੋਂ ਹਿਰਾਸਤ ਵਿੱਚ ਲਿਆ ਗਿਆ ਹੈ। ਇੱਕ ਪੁਲਿਸ ਅਧਿਕਾਰੀ ਨੇ ਕਿਹਾ÷ਮਾਮਲਾ ਬਹੁਤ ਸੰਵੇਦਨਸ਼ੀਲ ਹੈ ਅਤੇ ਅਸੀਂ ਸਾਰੇ ਪਹਿਲੂਆਂ ਦੀ ਜਾਂਚ ਕਰ ਰਹੇ ਹਾਂ। ਅਧਿਕਾਰੀਆਂ ਨੇ ਰਾਧਿਕਾ ਵਿਰੁੱਧ ਬੀਐਨਐਸ ਦੀ ਧਾਰਾ 103 (1) ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਿਸ ਨੇ ਕਿਹਾ ਕਿ ਅਨਿਲ ਲੋਖੰਡੇ ਨੇ 15 ਦਿਨ ਪਹਿਲਾਂ ਰਾਧਿਕਾ ਨਾਲ ਦੂਜਾ ਵਿਆਹ ਕੀਤਾ ਸੀ। ਲੋਖੰਡੇ ਦੀ ਪਹਿਲੀ ਪਤਨੀ ਦੀ ਕੈਂਸਰ ਨਾਲ ਮੌਤ ਹੋ ਗਈ ਸੀ। ਲੋਖੰਡੇ ਆਪਣੀ ਨਵੀਂ ਪਤਨੀ ਨਾਲ ਵਾਰ-ਵਾਰ ਸਰੀਰਕ ਸੰਬੰਧ ਬਣਾਉਣ ਦੀ ਜ਼ਿੱਦ ਕਰਦਾ ਸੀ। ਇਸ ਨਾਲ ਰਾਧਿਕਾ ਗੁੱਸੇ ਵਿੱਚ ਆ ਗਈ। ਉਸਨੇ ਆਪਣੇ ਪਤੀ 'ਤੇ ਕੁਹਾੜੀ ਨਾਲ ਹਮਲਾ ਕਰਕੇ ਉਸਦੀ ਹੱਤਿਆ ਕਰ ਦਿੱਤੀ।

## ਅਹਿਮਦਾਬਾਦ 'ਚ ਜਹਾਜ਼ ਹਾਦਸਾ 'ਤੇ ਬੀਬੀ ਜਾਗੀਰ ਕੌਰ ਨੇ ਪ੍ਰਗਟਾਇਆ ਦੁੱਖ



ਅਹਿਮਦਾਬਾਦ ਤੋਂ ਲੰਡਨ ਗੈਟਵਿਕ ਜਾਣ ਵਾਲੀ ਫਲਾਈਟ 19171 ਉਡਾਣ ਭਰਨ ਤੋਂ ਬਾਅਦ ਹਾਦਸਾਗ੍ਰਸਤ ਹੋ ਗਈ। ਬੋਇੰਗ 787-8 ਜਹਾਜ਼ ਵਿੱਚ 242 ਯਾਤਰੀ ਅਤੇ ਚਾਲਕ ਦਲ ਦੇ ਮੈਂਬਰ ਸਵਾਰ ਸਨ, ਜੋ ਕਿ ਅਹਿਮਦਾਬਾਦ ਤੋਂ 1338 ਵਜੇ ਰਵਾਨਾ ਹੋਇਆ ਸੀ। ਖਾਸ ਗੱਲ ਇਹ ਹੈ ਕਿ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੇ ਰੂਪਾਣੀ ਵੀ ਜਹਾਜ਼ ਵਿੱਚ ਸਨ ਖ਼ਬਰਾਂ ਤੋਂ ਪਤਾ ਚੱਲਿਆ ਹੈ ਕਿ ਜਹਾਜ਼ ਹਾਦਸੇ ਵਿਚ ਸਾਰੇ ਯਾਤਰੀਆਂ ਦੀ ਮੌਤ ਹੋ ਗਈ ਹੈ। ਅਹਿਮਦਾਬਾਦ ਜਹਾਜ਼ ਹਾਦਸੇ 'ਤੇ ਸਾਬਕਾ SGPC ਪ੍ਰਧਾਨ ਬੀਬੀ ਜਗੀਰ ਕੌਰ ਨੇ ਦੁੱਖ ਪ੍ਰਗਟ ਕਰਦੇ ਹੋਏ ਲਿਖਿਆ ਹੈ ਕਿ "ਗੁਜਰਾਤ ਦੇ ਸਾਬਕਾ ਸੀਐਮ ਅਤੇ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਪ੍ਰਭਾਰੀ ਵਿਜੈ ਰੁਪਾਣੀ ਜੀ ਦੇ ਜਹਾਜ਼ ਹਾਦਸੇ ਦੌਰਾਨ ਹੋਏ, ਅਚਣਚੇਤ ਅਕਾਲ ਚਲਾਣੇ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੀ ਹਾਂ, ਗੁਰੂ ਮਹਾਰਾਜ ਜੀ ਦੇ ਚਰਨਾਂ 'ਚ ਅਰਦਾਸ ਹੈ ਕਰਦੀ ਹਾਂ ਵਿਛੜੀ ਹੋਈ ਰੂਹ ਨੂੰ ਵਾਹਿਗੁਰੂ ਜੀ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

## ਅਹਿਮਦਾਬਾਦ 'ਚ ਹੋਏ ਜਹਾਜ਼ ਹਾਦਸੇ 'ਤੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਪ੍ਰਗਟਾਇਆ ਦੁੱਖ

**ਨਵੀਂ ਦਿੱਲੀ।** ਅਹਿਮਦਾਬਾਦ 'ਚ ਹੋਏ ਜਹਾਜ਼ ਹਾਦਸੇ 'ਤੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਦੁੱਖ ਪ੍ਰਗਟਾਇਆ ਹੈ। ਉਨ੍ਹਾਂ ਨੇ ਆਪਣੇ ਸ਼ੋਸਲ ਮੀਡੀਆ 'ਤੇ ਟਵੀਟ ਕਰਕੇ ਲਿਖਿਆ ਹੈ ਕਿ "ਅਹਿਮਦਾਬਾਦ ਵਿਚ ਹੋਏ ਭਿਆਨਕ ਜਹਾਜ਼ ਹਾਦਸੇ ਬਾਰੇ ਸੁਣ ਕੇ ਬਹੁਤ ਦੁੱਖ ਹੋਇਆ, ਜਿਸ ਨੇ ਬਹੁਤ ਸਾਰੇ ਮਾਸੂਮਾਂ ਦੀਆਂ ਜਾਨਾਂ ਲੈ ਲਈਆਂ ਹਨ। ਇਸ ਭਾਰੀ ਨੁਕਸਾਨ ਦਾ ਸਾਹਮਣਾ ਕਰ ਰਹੇ ਦੁਖੀ ਪਰਿਵਾਰਾਂ ਪ੍ਰਤੀ ਮੇਰੀ ਡੂੰਘੀ ਹਮਦਰਦੀ ਹੈ। ਸਰਕਾਰ ਹਰ ਸੰਭਵ ਮਦਦ ਅਤੇ ਸਹਾਇਤਾ ਨੂੰ ਯਕੀਨੀ ਬਣਾ ਰਹੀ ਹੈ।"

## ਜਲੰਧਰ 'ਚ ਨਾਕੇ ਦੌਰਾਨ ਹਾਈਵੋਲਟੇਜ ਡਰਾਮਾ, ਮਹਿਲਾ ਇੰਸਪੈਕਟਰ ਨਾਲ ਬਦਸਲੂਕੀ

**ਜਲੰਧਰ /ਬਾਠ**

ਜਲੰਧਰ ਦੇ ਪੱਛਮੀ ਹਲਕੇ ਦੇ ਬਸਤੀ ਸ਼ੇਖ ਦੀ ਘਾਹ ਮੰਡੀ ਵਿੱਚ ਭਾਰੀ ਹੰਗਾਮਾ ਹੋਇਆ। ਜਿੱਥੇ ਪੁਲਿਸ ਚੌਕੀ ਦੇ ਨੇੜੇ ਪੈਸਿਆਂ ਨੂੰ ਲੈ ਕੇ ਲੜ ਰਹੇ ਇੱਕ ਵਿਅਕਤੀ ਨੇ ਇੱਕ ਮਹਿਲਾ ਸਬ-ਇੰਸਪੈਕਟਰ ਨੂੰ ਧੱਕਾ ਦੇ ਦਿੱਤਾ ਅਤੇ ਉਸ ਦਾ ਕਾਲਰ ਫੜ ਲਿਆ। ਜਿਸ ਤੋਂ ਬਾਅਦ ਪੁਲਿਸ ਮੁਲਾਜ਼ਮਾਂ ਨੇ ਉਸ ਵਿਅਕਤੀ ਦੀ ਕੁੱਟਮਾਰ ਕੀਤੀ। ਜਿਸ ਤੋਂ ਬਾਅਦ ਪੁਲਿਸ ਉਸ ਨੂੰ ਹਿਰਾਸਤ ਵਿੱਚ ਲੈ ਕੇ ਥਾਣੇ ਲੈ ਆਈ, ਪਰ ਉਸ ਵਿਅਕਤੀ ਨੇ ਥਾਣੇ ਵਿੱਚ ਕਾਫ਼ੀ ਹੰਗਾਮਾ ਕੀਤਾ। ਜਦੋਂ ਨੌਜਵਾਨ ਦੇ ਪਰਿਵਾਰਕ ਮੈਂਬਰ ਥਾਣੇ ਆਏ ਤਾਂ ਪਤਾ ਲੱਗਾ ਕਿ ਨੌਜਵਾਨ ਦੀ ਮਾਨਸਿਕ ਹਾਲਤ ਠੀਕ ਨਹੀਂ ਹੈ।

**ਘਾਹ ਮੰਡੀ ਚੌਕ 'ਤੇ ਨਾਕਾਬੰਦੀ ਦੌਰਾਨ ਹੰਗਾਮਾ**

ਜਿਸ ਤੋਂ ਬਾਅਦ ਨੌਜਵਾਨ ਨੂੰ ਛੱਡ ਦਿੱਤਾ ਗਿਆ। ਫ਼ੋਨ 'ਤੇ ਗੱਲਬਾਤ ਦੌਰਾਨ ਏਡੀਸੀਪੀ ਸਿਟੀ-2 ਹਰਿੰਦਰ ਸਿੰਘ ਗਿੱਲ ਨੇ ਕਿਹਾ ਥਾਣਾ-5 ਦੀ ਇੱਕ ਟੀਮ ਇੱਕ ਮਹਿਲਾ ਸਬ-ਇੰਸਪੈਕਟਰ ਦੇ ਨਾਲ ਘਾਹ ਮੰਡੀ ਚੌਕ 'ਤੇ ਨਾਕਾਬੰਦੀ ਕਰਕੇ ਜਾਂਚ ਕਰ ਰਹੀ ਸੀ। ਇਸ ਦੌਰਾਨ ਨਾਕਾਬੰਦੀ ਤੋਂ 50 ਮੀਟਰ ਦੀ ਦੂਰੀ 'ਤੇ ਦੋ ਲੋਕ ਆਪਸ ਵਿੱਚ ਲੜ ਰਹੇ ਸਨ। ਜਦੋਂ ਪੁਲਿਸ ਲੜਾਈ ਰੋਕਣ ਗਈ ਤਾਂ ਇੱਕ ਨੌਜਵਾਨ ਨੇ ਮਹਿਲਾ ਅਧਿਕਾਰੀ ਦਾ ਕਾਲਰ ਫੜ ਲਿਆ ਅਤੇ ਉਸ ਨੂੰ ਧੱਕਾ ਦੇ ਦਿੱਤਾ। ਇਸ ਤੋਂ ਬਾਅਦ ਟੀਮ ਨੇ ਕਿਸੇ ਤਰ੍ਹਾਂ ਉਸ ਨੂੰ ਕਾਬੂ ਕਰ ਲਿਆ, ਪਰ ਉਸ ਨੂੰ ਛੱਡ ਦਿੱਤਾ ਕਿਉਂਕਿ ਉਹ ਮਾਨਸਿਕ ਮਰੀਜ਼ ਸੀ।

**ਮਾਨਸਿਕ ਤੌਰ 'ਤੇ ਪ੍ਰੇਸ਼ਾਨ ਸੀ ਸ਼ਖ਼ਸ**

ਫੋਨ 'ਤੇ ਮਾਮਲੇ ਦੀ ਜਾਣਕਾਰੀ ਦਿੰਦੇ ਹੋਏ ਮਹਿਲਾ ਸਬ-ਇੰਸਪੈਕਟਰ ਰਾਜਵੰਤ ਕੌਰ ਨੇ ਦੱਸਿਆ ਕਿ ਉਨ੍ਹਾਂ ਨੇ ਉਕਤ ਵਿਅਕਤੀ ਵਿਰੁੱਧ ਥਾਣਾ 5 ਵਿੱਚ ਸ਼ਿਕਾਇਤ ਦਰਜ ਕਰਵਾਈ ਹੈ। ਸਬ-ਇੰਸਪੈਕਟਰ ਨੇ ਦੱਸਿਆ ਕਿ ਉਕਤ ਵਿਅਕਤੀ ਨੇ ਸੜਕ 'ਤੇ ਬਹੁਤ ਹੰਗਾਮਾ ਕੀਤਾ। ਇਸ ਦੌਰਾਨ ਉਹ ਵਿਅਕਤੀ ਪਹਿਲਾਂ ਉੱਥੋਂ ਲੰਘਣ ਵਾਲੇ ਵਾਹਨਾਂ ਨੂੰ ਟੱਕਰ ਮਾਰ ਰਿਹਾ ਸੀ। ਜਿਸ ਤੋਂ ਬਾਅਦ ਜਦੋਂ ਉਸ ਨੂੰ ਰੋਕਿਆ ਗਿਆ ਤਾਂ ਉਹ ਪੁਲਿਸ ਮੁਲਾਜ਼ਮਾਂ ਨਾਲ ਝੜਪ ਕਰ ਗਿਆ ਅਤੇ ਫਿਰ ਉਸ ਦਾ ਕਾਲਰ ਫੜ ਲਿਆ।

## ਸਾਬਕਾ ਕੈਬਨਿਟ ਮੰਤਰੀ ਭਾਰਤ ਭੂਸ਼ਨ ਆਸ਼ੂ ਨੂੰ ਵੱਡਾ ਝਟਕਾ, ਅਦਾਲਤ ਨੇ ਅਗਾਊਂ ਜ਼ਮਾਨਤ ਅਰਜ਼ੀ ਕੀਤੀ ਰੱਦ

**ਲੁਧਿਆਣਾ** - ਲੁਧਿਆਣਾ ਵਿੱਚ 2,400 ਕਰੋੜ ਰੁਪਏ ਦੇ ਕਥਿਤ ਜ਼ਮੀਨ ਘੁਟਾਲੇ ਵਿੱਚ ਸਾਬਕਾ ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਨੂੰ ਵੱਡਾ ਝਟਕਾ ਲੱਗਾ ਹੈ। ਵਧੀਕ ਸੈਸ਼ਨ ਜੱਜ ਗੁਰਪ੍ਰੀਤ ਕੌਰ ਦੀ ਅਦਾਲਤ ਨੇ ਉਨ੍ਹਾਂ ਦੀ ਅਗਾਊਂ ਜ਼ਮਾਨਤ ਪਟੀਸ਼ਨ ਰੱਦ ਕਰ ਦਿੱਤੀ ਹੈ। ਆਸ਼ੂ ਇਸ ਸਮੇਂ ਕਾਂਗਰਸ ਦੀ ਟਿਕਟ 'ਤੇ ਲੁਧਿਆਣਾ ਪੱਛਮੀ ਹਲਕੇ ਵਿੱਚ ਵਿਧਾਨ ਸਭਾ ਉਪ ਚੋਣ ਲੜ ਰਹੇ ਹਨ। ਜ਼ਮੀਨ ਘੁਟਾਲੇ ਵਿੱਚ ਸਾਬਕਾ ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਨੂੰ ਸੰਮਨ ਭੇਜਣ ਵਾਲੇ ਡੀਐਸਪੀ ਵਿਨੋਦ ਕੁਮਾਰ ਨੇ ਅਦਾਲਤ ਨੂੰ ਦੱਸਿਆ ਕਿ ਅਜੇ ਤੱਕ ਇਸ ਮਾਮਲੇ ਵਿੱਚ ਭਾਰਤ ਭੂਸ਼ਣ ਆਸ਼ੂ ਨੂੰ ਨਾਮਜ਼ਦ ਨਹੀਂ ਕੀਤਾ ਗਿਆ ਨਹੀਂ ਹੈ। ਇਸ ਕਾਰਨ ਕਰਕੇ ਅਦਾਲਤ ਨੇ ਆਸ਼ੂ ਦੀ ਅਗਾਊਂ ਜ਼ਮਾਨਤ ਰੱਦ ਕਰ ਦਿੱਤੀ ਹੈ। ਇਸ ਤੋਂ ਪਹਿਲਾਂ 6 ਜੂਨ ਨੂੰ ਵਧੀਕ ਸੈਸ਼ਨ ਜੱਜ ਜਸਵਿੰਦਰ ਸਿੰਘ ਦੇ ਛੁੱਟੀਆਂ ਵਾਲੇ ਬੈਂਚ ਨੇ ਆਸ਼ੂ ਨੂੰ 11 ਜੂਨ ਤੱਕ ਅੰਤਰਿਮ ਅਗਾਊਂ ਜ਼ਮਾਨਤ ਦਿੱਤੀ ਸੀ।

**2400 ਕਰੋੜ ਦੇ ਕਥਿਤ ਘੁਟਾਲੇ ਵਿੱਚ ਭੇਜੇ ਗਏ ਸਨ ਸੰਮਨ**

ਇਸ ਤੋਂ ਪਹਿਲਾਂ ਆਸ਼ੂ ਨੂੰ ਸਰਾਭਾ ਨਗਰ ਵਿੱਚ ਸਕੂਲ ਦੀ ਜ਼ਮੀਨ ਦੀ ਦੁਰਵਰਤੋਂ ਨਾਲ ਸਬੰਧਤ 2,400 ਕਰੋੜ ਰੁਪਏ ਦੇ ਕਥਿਤ ਘੁਟਾਲੇ ਦੇ ਸਬੰਧ ਵਿੱਚ ਸੰਮਨ ਭੇਜੇ ਗਏ ਸੀ। ਲੀਡਰਸ਼ਿਪ ਨੇ ਇਸ ਮਾਮਲੇ ਵਿੱਚ ਕਾਂਗਰਸ ਚੋਣ ਦਫ਼ਤਰ ਵਿੱਚ ਇੱਕ ਪ੍ਰੈਸ ਕਾਨਫਰੰਸ ਵੀ ਕੀਤੀ ਸੀ। ਡੀਐਸਪੀ ਵਿਨੋਦ ਕੁਮਾਰ ਵੱਲੋਂ 4 ਜੂਨ ਨੂੰ ਜਾਰੀ ਕੀਤੇ ਗਏ ਸੰਮਨ ਵਿੱਚ ਆਸ਼ੂ ਨੂੰ 6 ਜੂਨ ਨੂੰ ਪੁੱਛਗਿੱਛ ਲਈ ਪੇਸ਼ ਹੋਣ ਦਾ ਨਿਰਦੇਸ਼ ਦਿੱਤਾ ਗਿਆ ਸੀ।

# ਬੇਗਮਪੁਰ ਟਾਈਗਰ ਫੋਰਸ ਨੇ ਬਾਬਾ ਸਾਹਿਬ ਜੀ ਦੇ ਸਟੈਚੂਆ ਦੀ ਬੇਅਦਬੀ ਕਰਨ ਵਾਲੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦੇਣ ਲਈ ਭੇਜਿਆ ਮੁੱਖ ਮੰਤਰੀ ਨੂੰ ਮੰਗ ਪੱਤਰ

## ਸੰਸਾਰ ਵਿੱਚ 'ਸਿੰਬਲ ਆਫ ਨੌਲਜ਼' ਵਜੋਂ ਜਾਣੇ ਜਾਂਦੇ ਬਾਬਾ ਸਾਹਿਬ ਜੀ ਦੇ ਸਟੈਚੂਆਂ ਨੂੰ ਨਿਸ਼ਾਨਾ ਬਣਾਉਣਾ ਬਹੁਤ ਮਾੜੀ ਗੱਲ ਹੈ : ਹੈਪੀ ਫ਼ਤਿਹਗੜ੍ਹ,ਸਤੀਸ਼ ਸ਼ੇਰਗੜ੍ਹ

**ਹੁਸ਼ਿਆਰਪੁਰ/ਤਰਸੇਮ ਦੀਵਾਨਾ**

ਬੇਗਮਪੁਰਾ ਟਾਈਗਰ ਫੋਰਸ ਦੇ ਚੇਅਰਮੈਨ ਤਰਸੇਮ ਦੀਵਾਨਾ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ

ਬੀਤੇ ਦਿਨੀਂ ਫਿਲੌਰ ਦੇ ਨੇੜੇ ਪਿੰਡ ਨੰਗਲ ਅਤੇ ਕੋਟ ਫਤੂਹੀ ਦੇ ਨਜਦੀਕ ਪਿੰਡ ਨੂਰਪੁਰ ਜੱਟਾਂ ਵਿਖੇ ਸਥਾਪਿਤ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਸਟੈਚੂ ਨੂੰ ਦੂਜੀ ਵਾਰ ਨਿਸ਼ਾਨਾ ਬਣਾ ਕੇ ਸਟੈਚੂ 'ਤੇ ਕਾਲੇ ਰੰਗ ਦੀ ਸਪਰੇਅ ਮਾਰਨ ਦੀ ਘਟਨਾ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦੇਣ ਲਈ ਬੇਗਮਪੁਰ ਟਾਈਗਰ ਫੋਰਸ ਦੇ ਜਿਲ੍ਹਾ ਪ੍ਰਧਾਨ ਹੈਪੀ ਫਤਹਿਗੜ੍ਹ, ਜਿਲ੍ਹਾ ਸੀਨੀਅਰ ਮੀਤ ਸਤੀਸ਼ ਕੁਮਾਰ ਸ਼ੇਰਗੜ੍ਹ ਦੀ ਪ੍ਰਧਾਨਗੀ ਹੇਠ ਏ ਡੀ ਸੀ ਅਮਰਬੀਰ ਕੌਰ ਭੁੱਲਰ ਰਾਹੀ ਇੱਕ ਮੰਗ ਪੱਤਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਭੇਜਿਆ ਗਿਆ ! ਇਸ ਸਬੰਧੀ ਬੇਗਮਪੁਰਾ ਟਾਈਗਰ ਫੋਰਸ ਦੇ ਜਿਲ੍ਹਾ ਪ੍ਰਧਾਨ ਹੈਪੀ ਫਤਹਿਗੜ੍ਹ ਅਤੇ ਜਿਲ੍ਹਾ ਸੀਨੀਅਰ ਮੀਤ ਸਤੀਸ਼ ਕੁਮਾਰ ਸ਼ੇਰਗੜ੍ਹ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਫਿਲੌਰ ਦੇ ਪਿੰਡ ਨੰਗਲ ਅਤੇ ਪਿੰਡ ਨੂਰਪੁਰ ਜੱਟਾਂ ਵਿਖੇ ਸਥਾਪਿਤ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਸਟੈਚੂ ਨੂੰ ਦੂਜੀ ਵਾਰ ਨਿਸ਼ਾਨਾ ਬਣਾ ਕੇ ਉਸ 'ਤੇ ਕਾਲੇ ਰੰਗ ਦੀ ਸਪਰੇਅ ਮਾਰਨ ਦੀ ਘਟਨਾ ਨੇ ਸਮੁੱਚੇ ਵਿਸ਼ਵ ਭਰ ਦੇ ਅੰਬੇਡਕਰਵਾਦੀ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਵੀ ਡੂੰਘੀ ਸੱਟ ਮਾਰੀ ਹੈ। ਇਸ ਘਟਨਾ ਨਾਲ ਭਾਰਤ ਦੇ ਹਰ ਬਸ਼ਿੰਦੇ ਦੇ ਹਿਰਦੇ ਵਲੂੰਧਰੇ ਗਏ ਹਨ। ਇਸ ਘਟਨਾ ਨਾਲ ਭਾਰਤੀ ਸੰਵਿਧਾਨ ਦੇ ਨਿਰਮਾਤਾ ਅਤੇ ਐਸਸੀ ਸਮਾਜ ਦੇ ਮਸੀਹਾ ਡਾ. ਅੰਬੇਡਕਰ ਜੀ ਦਾ ਨਿਰਾਦਰ ਹੋਇਆ ਹੈ। ਵਾਰ-ਵਾਰ ਬਾਬਾ ਸਾਹਿਬ ਦੇ ਸਟੈਚੂ ਦਾ ਨਿਰਾਦਰ ਹੋਣਾ ਬਹੁਤ ਨਿੰਦਣਯੋਗ ਹੈ। ਪੰਜਾਬ ਅੰਦਰ ਐਸਸੀ ਸਮਾਜ ਦੀ ਹਾਲਤ ਤਰਸਯੋਗ ਹੈ। ਆਗੂਆਂ ਨੇ ਕਿਹਾ ਕੀ ਸੰਸਾਰ ਭਰ ਵਿੱਚ 'ਸਿੰਬਲ ਆਫ ਨੌਲਜ਼' ਵਜੋਂ ਜਾਣੇ ਜਾਂਦੇ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਦੇ ਸਟੈਚੂਆਂ ਨੂੰ ਨਿਸ਼ਾਨਾ ਬਣਾਇਆ ਜਾਣਾ ਬਹੁਤ ਮਾੜੀ ਗੱਲ ਹੈ। ਜ਼ਿਕਰ ਯੋਗ ਹੈ ਕਿ ਇਸ ਤੋਂ ਪਹਿਲਾਂ ਅੰਮ੍ਰਿਤਸਰ ਵਿਖੇ ਬਾਬਾ ਸਾਹਿਬ ਭੀਮ ਰਾਉ ਜੀ ਦੇ ਸਟੈਚੂ ਦੀ ਬੇਅਦਬੀ ਕੀਤੀ ਗਈ ਉਸ ਤੋਂ ਉਪਰੰਤ ਜਲੰਧਰ ਵਿੱਚ ਬੇਅਦਬੀ ਕੀਤੀ ਗਈ ਅਤੇ ਉਸ ਤੋਂ ਬਾਅਦ ਹੁਣ ਫਿਲੌਰ ਦੇ ਨੇੜੇ ਪੈਂਦੇ ਪਿੰਡ ਨੰਗਲ ਵਿੱਚ ਇਹ ਥੋੜੇ ਸਮੇਂ ਵਿੱਚ ਹੀ ਦੂਜੀ ਘਟਨਾ ਹੈ। ਉਹਨਾਂ ਮੁੱਖ ਮੰਤਰੀ ਪੰਜਾਬ ਤੋਂ ਮੰਗ ਕੀਤੀ ਕਿ ਦੋਸ਼ੀਆਂ ਨੂੰ ਤੁਰੰਤ ਗ੍ਰਿਫ਼ਤਾਰ ਕਰਕੇ ਉਹਨਾਂ ਨੂੰ ਸਖ਼ਤ ਤੋਂ ਸਖਤ ਸਜ਼ਾ ਦਿੱਤੀ ਜਾਵੇ, ਉਹਨਾਂ ਕਿਹਾ ਕਿ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕਰਕੇ ਸਜ਼ਾ ਨਾ ਦਿੱਤੀ ਗਈ ਤਾਂ ਐਸਸੀ ਸਮਾਜ ਨੂੰ ਮਜ਼ਬੂਰਨ ਸੜਕਾਂ ਤੇ ਉਤਰਨਾ ਪਵੇਗਾ ! ਇਸ ਮੌਕੇ ਹੋਰਨਾਂ ਤੋਂ ਇਲਾਵਾ ਰਾਜ ਕੁਮਾਰ ਬੱਧਣ ਜਿਲਾ ਮੀਤ ਪ੍ਰਧਾਨ,ਸੁਖਵਿੰਦਰ ਫਤਿਹਗੜ੍ਹ,ਰਵੀ ਅਤੇ ਸਭੀ ਸੁੰਦਰ ਨਗਰ, ਜੋਤਾ ਜੱਖੂ ਰਹੀਮਪੁਰ,ਰਾਜ ਰਹੀਮਪੁਰ, ਅਨਿਲ ਕੁਮਾਰ ਬੰਟੀ ਪ੍ਰਧਾਨ ਬਲਾਕ ਹਰਿਆਣਾ ਭੂੰਗਾ,ਰਾਜੂ,ਮਨਪ੍ਰੀਤ ਹਰਿਆਣਾ,ਅਰੁਣ ਕੁਮਾਰ ਹਰਿਆਣਾ,ਸਤੀਸ਼ ਹਰਿਆਣਾ,ਸੰਨੀ ਸੀਣਾ, ਭਿੰਦਾ ਸੀਣਾ, ਸੰਦੀਪ ਸੀਣਾ,ਵਿਪਨ ਕੁਮਾਰ ਬਸੀ ਕਲਾਂ,ਵਿਪਨ ਕੁਮਾਰ ਬਿਹਾਲਾ,ਵਿਸ਼ਾਲ ਬਿਹਾਲਾ,ਲਖਵਿੰਦਰ ਬਿਹਾਲਾ,ਲਖਵਿੰਦਰ ਸਿੰਘ, ਵਿਪਨ ਕੁਮਾਰ ,ਆਦਿ ਹਾਜ਼ਰ ਸਨ !



# ਸੇਂਟ ਸੋਲਜਰ ਸਕੂਲ ਵੱਲੋਂ ਬੱਚਿਆਂ ਨੂੰ ਵੰਡਰਲੈਂਡ ਟੂਰ ਕਰਵਾਇਆ ਗਿਆ

**ਜੰਡਿਆਲਾ ਗੁਰੂ, ਗੁਰਦੇਵ ਸਿੰਘ ਮਨਜੋਤਰਾਂ**

ਬੱਚਿਆਂ ਨੂੰ ਮਾਨਸਿਕ ਅਤੇ ਸਰੀਰਕ ਤੌਰ ਤੇ ਤਾਜ਼ਾ ਰੱਖਣ ਵਾਸਤੇ ਸੈਂਟ ਸੋਲਜਰ ਸਕੂਲ ਵੱਲੋਂ ਕਈ ਤਰ੍ਹਾ ਦੇ ਉਪਰਾਲੇ ਕੀਤੇ ਜਾਂਦੇ ਹਨ। ਇਸੇ ਤਹਿਤ ਬੱਚਿਆਂ ਨੂੰ ਸਕੂਲ ਵੱਲੋਂ ਵੰਡਰਲੈਂਡ ਦਾ ਟੂਰ ✂ਕਰਵਾਇਆ ਗਿਆ ਜਿਸ ਵਿੱਚ 3 ਜੂਨ ਨੂੰ ਲੜਕਿਆਂ ਦਾ ਅਤੇ 4 ਜੂਨ ਨੂੰ ਲੜਕੀਆਂ ਦਾ ਟੂਰ ਕਰਵਾਇਆ ਗਿਆ। ਵੰਡਰਲੈਂਡ ਟੂਰ ਦੌਰਾਨ ਬੱਚਿਆਂ ਨੇ ਵਾਟਰ ਪਾਰਕ,ਝੂਲਿਆਂ ਅਤੇ ਹੋਰ ਕਈ ਤਰ੍ਹਾਂ ਦੇ ਈਵੈਂਟ ਨਾਲ ਆਨੰਦ ਮਾਣਿਆ। ਬੱਚਿਆਂ ਨੇ ਡਾਂਸਿੰਗ ਫਲੋਰ ਤੇ ਖੂਬ ਭੰਗੜੇ ਪਾ ਕੇ ਆਪਣੀ ਖੁਸ਼ੀ ਜਾਹਿਰ ਕੀਤੀ। ਬੱਚਿਆਂ ਵਾਸਤੇ ਖਾਣ ਪੀਣ ਦਾ ਵੀ ਵਧੀਆ ਪ੍ਰਬੰਧ ਕੀਤਾ ਗਿਆ। ਵੰਡਰਲੈਂਡ ਟੂਰ ਵਿੱਚ ਸੈਂਟ ਸੋਲਜਰ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਡਾ:ਮੰਗਲ ਸਿੰਘ ਕਿਸ਼ਨਪੁਰੀ ਜੀ ਅਤੇ ਪ੍ਰਿੰਸੀਪਲ ਅਮਰਪ੍ਰੀਤ ਕੌਰ ਜੀ, ਅਤੇ ਅਧਿਆਪਕ ਸਾਹਿਬਾਨ ਵੀ ਸ਼ਾਮਿਲ ਹੋਏ ਜਿਨਾਂ ਨੇ ਬੱਚਿਆਂ ਨਾਲ ਰਲ ਕੇ ਖੂਬ ਮਨੋਰੰਜਨ ਕੀਤਾ ਅਤੇ ਖੂਬ ਆਨੰਦ ਮਾਣਿਆ। ਇਸ ਮੌਕੇ ਤੇ ਸਕੂਲ ਦੇ ਮੈਨੇਜਰ ਡਾਇਰੈਕਟਰ ਡਾ: ਮੰਗਲ ਸਿੰਘ ਕਿਸ਼ਨਪੁਰੀ ਜੀ ਨੇ ਕਿਹਾ ਕਿ ਇਹੋ ਜਿਹੇ ਟੂਰ ਸੈਂਟ ਸੋਲਜਰ ਸਕੂਲ ਲਗਾਤਾਰ ਕਰਦਾ ਆ ਰਿਹਾ ਹੈ ਇਸ ਦੇ ਨਾਲ ਅਧਿਆਪਕ ਅਤੇ ਬੱਚਿਆਂ ਦੇ ਵਿੱਚ ਪਿਆਰ ਅਤੇ ਨੇੜਤਾ ਵੱਧਦੀ ਹੈ। ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਅਮਰਪ੍ਰੀਤ ਕੌਰ ਜੀ ਨੇ ਵੀ ਕਿਹਾ ਕਿ ਇਸ ਤਰ੍ਹਾਂ ਟੂਰ ਦੌਰਾਨ ਬੱਚੇ ਬਹੁਤ ਖੁਸ਼ੀ ਜਾਹਿਰ ਕਰਦੇ ਹਨ ਅਤੇ ਬੱਚਿਆਂ ਦਾ ਦਿਮਾਗ ਤਾਜ਼ਾ ਰਹਿੰਦਾ ਹੈ । ਹਰ ਸਾਲ ਅਸੀਂ ਬੱਚਿਆਂ ਨੂੰ ਇਹੋ ਜਿਹੇ ਟੂਰ ਕਰਵਾਉਂਦੇ ਰਹਿੰਦੇ ਹਾਂ। ਇਸ ਮੌਕੇ ਤੇ ਬੱਚਿਆਂ ਦੇ ਮਾਤਾ ਪਿਤਾ ਨੇ ਵੀ ਬੜੀ ਖੁਸ਼ੀ ਦਾ ਇਜ਼ਹਾਰ ਕੀਤਾ।।







# ਸ਼ੁਰੂ ਹੋ ਗਿਆ ਖੁਦਾ ਜੀ, ਇਨਕੋ ਦੇਤਾ ਹੈ ਖ਼ੂਨ ਪੀਤੇ ਹੈ, ਮਗਰ ਹਮ ਪੀਤੇ ਹੈ ਤੋ ਲੋਕ ਕਹਤੇ ਹੈ ਸ਼ਰਾਬ ਪੀਤੇ ਹੈ—ਪੀ.ਸੀ ਕੁਮਾਰ

**ਫਿਰੋਜ਼ਪੁਰ**

ਸ਼ੁਰੂ ਹੋ ਗਿਆ ਖੁਦਾ ਜੀ, ਇਨਕੋ ਦੇਤਾ ਹੈ ਖ਼ੂਨ ਪੀਤੇ ਹੈ, ਮਗਰ ਹਮ ਪੀਤੇ ਹੈ ਤੋ ਲੋਕ ਕਹਤੇ ਹੈ ਸ਼ਰਾਬ ਪੀਤੇ ਹੈ। ਇਹ ਸਤਰ ਨਸ਼ਿਆਂ ਅਤੇ ਸਮਾਜਿਕ ਪਖਪਾਤ ਦੀ ਹਕੀਕਤ ਨੂੰ ਆਇਨਾ ਦਿਖਾਉਂਦੀ ਹੈ। ਜਿਥੇ ਕੁਝ ਲੋਕ ਆਪਣੀ ਦੌਲਤ, ਅਹੁਦੇ ਜਾਂ ਸਿਸਟਮ ਦੀ ਆੜ ਚ ਲੋਕਾਂ ਦਾ ਖ਼ੂਨ ਚੂੰਸ ਰਹੇ ਹਨ, ਉਥੇ ਜੇਕਰ ਕੋਈ ਆਮ ਇਨਸਾਨ ਨਸ਼ੇ ਦੀ ਲਤ ਚ ਫਸ ਜਾਂਦਾ ਹੈ, ਤਾਂ ਉਸ ਨੂੰ ਤੁਰੰਤ ਅਪਰਾਧੀ ਬਣਾਇਆ ਜਾਂਦਾ ਹੈ। ਇਹ ਵਿਚਾਰ ਸ੍ਰੀ ਪੀ.ਸੀ ਕੁਮਾਰ ਸੀਨੀਅਰ ਨਾਗਰਿਕ, ਸਮਾਜ ਸੇਵੀ ਅਤੇ ਸਮਾਜ ਸੁਧਾਰਕ ਹੋਣ ਦੇ ਨਾਤੇ ਇਸ ਗੰਭੀਰ ਸਮੱਸਿਆ ਬਾਰੇ ਲੰਮੇ ਸਮੇਂ ਤੋਂ ਸਰਕਾਰੀ ਅਤੇ ਗੈਰ?ਸਰਕਾਰੀ ਪੱਧਰ ਤੇ ਕੰਮ ਕਰ ਰਿਹਾ ਹਾਂ। ਸਿਹਤ, ਪਰਿਵਾਰ ਭਲਾਈ, ਨਸ਼ਾ ਮੁਕਤੀ, ਸਿੱਖਿਆ ਅਤੇ ਧਾਰਮਿਕ ਜਾਗਰੂਕਤਾ ਦੇ ਖੇਤਰਾਂ ਵਿੱਚ ਰੋਜ਼ਾਨਾ ਅਨੇਕਾਂ ਲੋਕਾਂ ਨਾਲ ਮਿਲ ਕੇ ਜਾਗਰਣ ਮੁਹਿੰਮਾਂ ਚਲਾਈਆਂ ਹਨ। ਪਰ ਅਫ਼ਸੋਸ ਇਹ ਹੈ ਕਿ ਜਿੱਥੇ ਇਦਾ ਹੱਲ ਇੱਕੋ ਇੱਕ ਹੈ ਕਿ ਲੋਕਾਂ ਨੂੰ ਇਹ ਮੰਨ ਕੇ ਚੱਲਣਾ ਚਾਹੀਦਾ ਕਿ ਜਿੰਨੇ ਵੀ ਪੰਜਾਬ ਦੇ ਨੇਤਾ ਉਹ ਸਾਰੇ ਹੀ ਥਾਲੀ ਦੇ ਵੱਟੇ ਚੱਟੇ ਹਨ ਜਿਨਾਂ ਕੋਲੋਂ ਗੱਦੀ ਖੁਸ਼ ਜਾਂਦੀ ਹੈ ਉਹ ਪੰਜਾਬ ਨੂੰ ਬਰਬਾਦ ਕਰਨ ਤੋਂ ਨਹੀਂ ਟਲਦੇ ਇਹੋ ਜਿਹੀਆਂ ਫਰੀ ਫਰੀ ਕੇਜਾ ਦੇ ਕੇ ਬੇਵਕੂਫ ਬਣਾ ਕੇ ਫਿਰ ਗੱਦੀ ਜਿਨਾਂ ਨੂੰ ਗੱਦੀ ਮਿਲੀ ਹੋਈ ਹੈ ਉਹ ਗੱਦੀ ਛੱਡਣਾ ਨਹੀਂ ਚਾਹੁੰਦੇ ਉਹ ਕਹਿੰਦੇ ਆ ਜਪਦਾ ਡੁੱਬਦਾ ਡੁੱਬ ਜਾਏ ਲੇਕਿਨ ਸਾਡੇ ਕੋਲੋ ਗੱਦੀ ਜਿਹੜੀ ਉਹ ਨਾ ਖੁਸ਼ ਇਹਨਾਂ ਦਾ ਇੱਕ ਹੱਥ ਜਿਹੜਾ ਉਹ ਪੱਗ ਨੂੰ ਹ ਤੇ ਦੂਜਾ ਕੁਰਸੀ ਨੂੰ ਇਸ ਕਰਕੇ ਇਹਾਂ ਵਿੱਚੋਂ ਇੱਕ ਚੀਜ਼ ਹੀ ਬਚ ਸਕਦੀ ਹੈ। ਜੇ ਕੁਰਸੀ ਤਾਂ ਫਿਰ ਪੰਜਾਬ ਨਿਵਾਜ ਸਕਦਾ ਜੇ ਪੰਜਾਬ ਨੂੰ ਬਣਾਉਣਾ ਬਚਾਉਣਾ ਤੇ ਕੁਰਸੀ ਦਾ ਖਹਿੜਾ ਛੱਡਣਾ ਪਏਗਾ ਤਾਂ ਹੋਰ ਕੋਈ ਇਹੋ ਜਿਹੀ ਗੱਲ ਨਹੀਂ ਕਿ ਨਸ਼ੇ ਜਿਹੜੇ ਆ ਇਹ ਜਿਹੜੇ ਨਸ਼ੇ ਲਵਾਉਣ ਛਡਾਉਣ ਵਾਲੇ ਕੇਂਦਰ ਨੇ ਉਹ ਸਾਰੇ ਹੀ ਨਸ਼ੇ ਲੂਣ ਵਾਲੇ ਕੇਂਦਰ ਇੱਕ ਦੁਕਾਨਦਾਰੀ ਬਣ ਕੇ ਰਹਿ ਗਏ ਨੇ ਔਰ ਮਰੇ ਤਾਂ ਪਹਿਲਾਂ ਹੀ ਪਏ ਨੇ ਮਾਂ ਪਿਓ ਜਿਨਾਂ ਦੇ ਬੱਚੇ ਨਸ਼ਾ ਲੱਗ ਜਾਂਦਾ ਰਹਿੰਦੀ ਖੈਦੀ ਕਸਰ ਜਿਹੜੀ ਹ ਉਹ ਜਿਹੜੇ ਦਾਖਰੇ ਨੇ ਜਿਹੜੇ ਨਸ਼ੇ ਛਡਾਉਣ ਵਾਲੇ ਖੁੱਲੇ ਹੋਏ ਨੇ ਉਹ 47 ਦੇਖ ਲਓ ਵੀ ਉਥੇ ਜਿਹੜਾ ਨਸ਼ਿਆਂ ਦੇ ਟੀਕੇ ਆ ਉਹ ਮਰੀਜ਼ਾਂ ਨੂੰ ਤੇ ਕੀ ਲੱਗਣੇ ਉਹ ਡਾਕਟਰ ਆਪ ਲਾਈ ਜਾਂਦੇ ਨੇ ਸਟਾਫ ਹੀ ਲਾਈ ਜਾਂਦਾ ਨਸ਼ਾ ਛਡਾਊ ਕੇਂਦਰ ਨੇ ਉਹ ਇਹ ਦਵਾਈ ਜਿਹੜੀ ਇੱਕ ਮੁਫਤ ਮਿਲਦੀ ਆ ਸਰਕਾਰ ਦਿੰਦੀ ਇਹਨਾਂ ਨੂੰ ਉਸ ਦੇ ਅਧਾਰ ਤੇ ਉਹਨਾਂ ਨੂੰ ਇੱਕ ਦੁਕਾਨ ਨਾ ਦੁਕਾਈਆਂ ਦਵਾਈਆਂ ਦੀਆਂ ਖੋਲੀਆਂ ਹੋਈਆਂ ਨੇ ਇੱਕ ਮਰੀਜ਼ ਦਾ ਪੰਜ?ਪਹਜ ➡ਪਆ ਬਿੱਲ ਬਣਾਈ ਜਾਂਦੇ ਆ ਇਨੀਆਂ ਮਹਿੰਗੀਆਂ ਕੀਮਤੀ ਦਵਾਈਆਂ ਦੇ ਦੇ ਕੇ ਉਹਨਾਂ ਨੂੰ ਬਰਬਾਦ ਕਰੀ ਜਾਂਦੇ ਨੇ ਉਹ ਪਹਿਲਾਂ ਹੀ ਡੁੱਬੇ ਹੋਏ ਨੇ ਹੋਰ ਡਬਈ ਜਾਂਦੇ ਨੇ ਨਾਲ ਹੀ ਇਹਦੇ ਇਹ ਵੀ ਇੱਕ ਬੰਨਣ ਵਾਲੀ ਗੱਲ ਹੈ ਕਿ ਇਸ ਵੇਲੇ ਖੇਤ ਨੂੰ ਜਿਹੜੀ ਹ ਵਾੜ ਹੀ ਖਾ ਰਹੀ ਥਾਣੇ ਚਲੇ ਜਾਓ ਕਚਹਿਰੀਆਂ ਚਲੇ ਜਾਓ ਜਿੰਨੇ ਵੀ ਤੁਸੀਂ ਇਹ ਦਾਇਰੇ ਨੇ ਕਿਤੇ ਵੀ ਚਲੇ ਜਾਓ ਉਹ ਜਿਹੜਾ ਇੱਕ ਵਰਾ ਇਹਨਾਂ ਦੀ ਪਕੜ ਚ ਆ ਗਿਆ ਉਸ ਨੂੰ ਇਹਨਾਂ ਨਸ਼ਾ ਛੱਡਣ ਹੀ ਨਹੀਂ ਦੇਣਾ ਵੇਚਣੋ ਵੀ ਨਹੀਂ ਰਹਿਣ ਦੇਣਾ ਉਹਨੂੰ ਮਜਬੂਰ ਕਰਨਾ ਕਿ ਸਾਡਾ ਹਿੱਸਾਪਤੀ ਦੇਈਆ ਤੇ ਨਸ਼ਾ ਵੇ ਕੀਤੇ ਤੂੰ ਨਸ਼ਾ ਨਾ ਖਾਏਗਾ ਜਾਂ ਨਾ ਸੇਲ ਕਰੇਗਾ ਤਾਂ ਤੇਰੇ ਤੇ ਅਸੀਂ ਹੋਰ ਕੇਸ ਬਣਾ ਦਿਆਂਗੇ ਇਸ ਕਰਕੇ ਇਹ ਜਿਹੜੀ ਖੇਤ ਹੀ ਵਾੜ ਨੂੰ ਖਾਈ ਜਾਂਦੀ ਹੈ ਦੂਜੇ ਨੰਬਰ ਤੇ ਜਿਹੜੇ ਬੱਚੇ ਇਸ ਵੇਲੇ 60 ਤੋਂ 65 ਪ੍ਰਤੀਸ਼ਤ ਮੁੰਡੇ ਅਤੇ 50 ਤੋਂ 55 ਪ੍ਰਤੀਸ਼ਤ ਲੜਕੀਆਂ ਨਾ ਇਹ ਕੇਵਲ ਖਾਣ ਦੇ ਬਲਕਿ ਪੇਸ਼ੇ ਦੇ ਵਿੱਚ ਜਿਹੜੀਆਂ ਨੇ ਉਹ ਫਸ ਚੁੱਕੀਆਂ ਨੇ ਇਨੇ ਇਨੀਆਂ ਚੰਗੀਆਂ ਘਰਾਂ ਦੀਆਂ ਕੁੜੀਆਂ ਉਹ ਇਹ ਨਸ਼ੇ ਦੀ ਗਰਿਪ ਵਿੱਚ ਆ ਕੇ ਉਹ ਕੰਮ ਕਰ ਰਹੀਆਂ ਨੇ ਜਿਹੜੇ ਕੋਈ ਇਨਸਾਨ ਤੋਂ ਗਿਰਾ ਕੰਮ ਹੋ ਹੀ ਨਹੀਂ ਸਕਦਾ ਤਾਂ ਇ ਕਮ ਇੰਸ ਕਰਕੇ ਫਿਰ ਦੂਜੇ ਨੰਬਰ ਤੇ ਆ ਵੀ ਜਿਹੜੇ ਬੱਚੇ ਬਚੇ ਨੇ ਉਹਨਾਂ ਨੂੰ ਬਚਾਉਣ ਦੀ ਕੋਸ਼ਿਸ਼ ਨਹੀਂ ਕੀਤੀ ਜਾ ਰਹੀ ਉਹਨਾਂ ਨੂੰ ਵੀ ਨਸ਼ਿਆਂ ਦੀ ਗਰਿਪ ਵਿੱਚ ਫਸਾਇਆ ਜਾ ਰਿਹਾ ਤਾਂ ਸਰਕਾਰ ਜਿਹੜੀ ਆ ਸਾਰਾ ਗੱਲ ਜਿਹੜੀ ਹ ਉਹ ਸਕੂਲਾਂ ਦੇ ਸੁੱਟੀ ਹ ਕੋਈ ਕੈਂਪ ਲਾਉਣਾ ਕੋਈ ਵਿਅਰਨੈਸਲ ਕੈਂਪ ਲਾਉਣਾ ਕੋਈ ਕੱਢਣੀ ਹ ਤਾਂ ਉਹ ਗਰੀਬਾਂ ਦੇ ਬੱਚੇ ਜਿਹੜੇ ਸਕੂਲਾਂ ਚ ਪੜਦੇ ਨੇ ਉਹਨਾਂ ਨੂੰ ਹੀ ਇੱਕ ਵਾਇਆ ਮੀਡੀਆ ਬਣਾ ਕੇ ਅਖਬਾਰਾਂ ਚ ਰੇਡੀਓ ਟੀਵੀ ਚੈਨਲਾਂ ਦੇ ਵਿੱਚ ਨਸ਼ਾ ਮੁਹਿਮ ਨਸ਼ਾ ਛੁਡਾਊ ਮੁਹਿਮ ਨਸ਼ਾ ਉਹ ਇੱਕ ਡਰਾਮਾ ਨਾ ਤਾਂ ਉਹਦੇ ਵਿੱਚ ਬੱਚਿਆਂ ਦਾ ਕੋਈ ਦਿਲਚਸਪੀ ਹੈ ਨਾ ਟੀਚਰਾਂ ਦੀ ਹ ਤੇ ਨਾ ਹੀ ਕੋਈ ਉਹਦੀ ਆਊਟਪੁੱਟ ਨਿਕਲ ਰਹੀ ਹ ਕਿਉਂਕਿ ਮੈਂ 50 ਸਾਲ ਇਸੇ ਵਿਸ਼ੇ ਤੇ ਕੰਮ ਕਰਕੇ ਇਸ ਗੱਲ ਤੇ ਪਹੁੰਚਿਆ ਕਿ ਜਿਵੇਂ ਅੰਗਰੇਜ਼ ਜਾਣ ਲੱਗੇ ਤਾਂ ਉਹ ਕਹਿਣ ਲੱਗੇ ਵੀ ਭਾਈ ਸਰਕਾਰ ਤੁਸੀਂ ਚਲਾ ਲੋਗੇ ਕਹਿੰਦੇ ਜੀ ਤੁਹਾਡੇ ਨਾਲੋਂ ਵਧੀਆ ਚਲਾਵਾਂਗੇ ਤਾਂ ਉਹ ਕਹਿੰਦਾ ਇੱਕ ਗੱਲ ਨੋਟ ਕਰ ਲਓ ਜਦੋਂ ਤੱਕ ਸਾਡੇ ਭਰਤੀ ਕੀਤੇ ਅਫਸਰ ਸਾਹਿਬਾਨ ਮੁਲਾਜ਼ਮ ਅਧਿਕਾਰ ਅੱਜ ਸਾਰੇ ਪਾਸੇ ਜਿਹੜਾ ਵਿਹਲਾਪਣ ਵੇਹਲਾਪਣ ਹੈ ਕਿਸੇ ਕੋਲ ਕੋਈ ਜਿਹੜੇ ਕੋਈ ਚਾਰ ਕੰਮ ਕਰਦੇ ਵੀ ਸੀ ਉਹਨਾਂ ਨੂੰ ਵੀ ਜਿਹੜਾ ਇਹਨਾਂ ਨੇ 50 ਸਾਲ ਤੋਂ ਮੈਂ ਨਸ਼ੇ ਤੇ ਸਬੰਧ ਵਿੱਚ ਤੇ ਨਾਲ ਨਾਲ ਅਸੀਂ ਉਹਨਾਂ ਨੂੰ ਆਪਣੇ ਨਾਲ ਜੋੜ ਕੇ ਉਹਨਾਂ ਨੂੰ ਕਿਸੇ ਨਾ ਕਿਸੇ ਕੰਮ ਦੀ ਆਹਰੇ ਲਾਉਂਦੇ ਸੀ ਉਹ ਤੇ ਲੇਡੀ ਹੈ ਸੀ ਕੌਡੀ ਹੈ ਵਾਲਾ ਤੀ ਉਹਨੂੰ ਸਾਰਿਆਂ ਨੂੰ ਹੀ ਅਸੀਂ ਮਸ਼ੀਨਾਂ ਦੇ ਤੀਆਂ ਉਹਨਾਂ ਨੂੰ ਨਿਟਮ ਦਾ ਦੇਤਾ ਉਹਨਾਂ ਨੂੰ ਪੜਾਉਣਾ ਸ਼ੁਰੂ ਕਰਤਾ ਇਹੋ ਜਿਹਾ ਕਹਿ ਕੇ ਬਾਹਰਲੀਆਂ ਜੇਲਾਂ ਦੇ ਵਿੱਚ ਵੀ ਜਿਹੜੇ ਸੀ ਫਿਰੋਜ਼ਪੁਰ ਦੀ ਜੇਲ ਦੇ ਸਮਾਨ ਬਣ ਬਣ ਕੇ ਜਾਂਦਾ ਸੀ ਔਰ ਉਹ ਲੜਕੀਆਂ ਜਿਹੜੀਆਂ ਇੱਥੋਂ ਜਦੋਂ ਗਈਆਂ ਉਹ ਸਾਡੇ ਗੁਣ ਗਾਉਣੀਆਂ ਗਈਆਂ ਕਿ ਤੁਸੀਂ ਤਾਂ ਸਾਡੇ ਸਾਰੇ ਵਾਕ ਉਮਰਾਂ ਦੇ ਸਾਡੇ ਪਰਿਵਾਰ ਦੇ ਜਿਹੜੇ ਆ ਉਹ ਧੌਣ ਤੋਂ ਹੁਣ ਤੌਰ ਤੇ ਆ ਪਰ ਅਸੀਂ ਹੁਣ ਜਾ ਕੇ ਆਪਦਾ ਆਰੰਭ ਕਰਾਂਗੇ ਇਹ ਕੱਪੜੇ ਸੀਆ ਗਿਆ ਕੱਪੜੇ ਬਣਾਂਗੇ ਆਪਾਂ ਨਾਡੇ ਕਰਾਂਗੇ ਤੇ ਆਪਦੇ ਬੱਚਿਆਂ ਤੇ ਆਪਦੇ ਪਰਿਵਾਰ ਨੂੰ ਭਲ ਕੇ ਵਧੀਆ ਜੀਵਨ ਜੀ ਦੂਜੇ ਪਾਸੇ ਜਿਹੜੇ ਸਹੀ ਸੀ ਉਹਨਾਂ ਨਾਲ ਗੱਲਾਂ ਬਾਤਾਂ ਕੀਤੀਆਂ ਉਹ ਇਸ ਗੱਲ ਤੇ ਸੀ ਵੀ ਜਿਹੜੇ ਨਸ਼ਿਆਂ ਦੇ ਵੇਚਣ ਵਾਲਿਆਂ ਦੇ ਏਜੰਟ ਸੀ ਜਾਂ ਇਸ ਗਰਿਪ ਦੇ ਵਿੱਚ ਫਸ ਕੇਲ ਜਾਏ ਸੀ ਉਹਨਾਂ ਨੂੰ ਸਾਰਿਆਂ ਨੂੰ ਨੰਬਰਦਾਰ ਬਣਾਇਆ ਹੋਇਆ ਜੇਲਾਂ ਦੇ ਵਿੱਚ ਵੱਡੇ ਵੱਡੇ ਚਿਟੇ ਕੁੜਤੇ ਵਧੀਆ ਜਿਹੜੇ ਸ਼ਾਇਦ ਤੁਸੀਂ ਵੀ ਮੈਂ ਵੀ ਅੱਜ ਤੱਕ ਨਾ ਪਾ ਸਕੇ ਹੋਵਾਂ ਤੇ ਵਧੀਆ ਉਹਨਾਂ ਨੇ ਕੜੀਆਂ 25—25 30 ਹਜ ਮਹੀਨਾ ਉਹਨਾਂ ਨੂੰ ਹਰ ਮਹੀਨੇ ਜੇਲ ਵਿੱਚ ਆਉਂਦਾ ਸੀ। ਵਧੀਆ ਤੋਂ ਵਧੀਆ ਜੋ ਸਮਾਨ ਮੰਗਦੇ ਸੀ ਉਹ ਆਉਂਦਾ ਸੀ ਉਹਨਾਂ ਦੇ ਪਰਿਵਾਰ ਨੂੰ ਵੀ ਮਤਲਬ ਹੈ ਉਹ ਪਾਲ ਰਹੇ ਸੀ ਇਹ ਜਿਹੜੇ ਨਸ਼ਿਆਂ ਦੇ ਵੱਡੇ ਵੱਡੇ ਵਪਾਰੀ ਨੇ ਤਾਂ ਇਸ ਕਰਕੇ ਉਹਨਾਂ ਨੂੰ ਪੁੱਛਿਆ ਕਿਉਂ ਵੀ ਹੁਣ ਤੁਸੀਂ ਜਿਹੜਾ ਸਾਨੂੰ ਇਨਾ 50 ਹਜਾਰ ➡ਪਆ ਖਰਚਾ ਦੇ ਰਹੇ ਨੇ ਸਾਡੇ ਪਰਿਵਾਰ ਪਾਲ ਰਹੇ ਨੇ ਅਸੀਂ ਉਹਨਾਂ ਦਾ ਹੀ ਮਤਲਬ ਗਿੱਤਾ ਕਰਾਂਗੇ ਅਸੀਂ ਇੱਥੇ ਨਸ਼ਾ ਥੋੜਾ ਛੱਡਾਂਗੇ ਭਾਵ ਕੀ ਹ ਕਿ ਉਹ ਸਿਪਾਹੀ ਤੋਂ ਲੈ ਕੇ ਤੇ 195 ਜੇਲ ਤੱਕ ਜਿਹੜਾ ਸੀ ਉਹਨਾਂ ਨੇ ਬੰਨੇ ਹੋਏ ਸੀ।



# ਸੀ.ਐੱਚ.ਸੀ ਮਾਨਾਂਵਾਲਾ ਵਿਖੇ ਸਾਹ, ਦਮੇ ਅਤੇ ਅਲਰਜੀ ਦੇ ਮਰੀਜਾਂ ਲਈ ਲਗਾਇਆ ਗਿਆ ਮੈਡੀਕਲ ਕੈਂਪ

**ਜੰਡਿਆਲਾ ਗੁਰੂ, ਗੁਰਦੇਵ ਸਿੰਘ ਮਨਜੋਤਰਾਂ**

ਸਾਹ, ਦਮੇ ਅਤੇ ਅਲਰਜੀ ਦੇ ਮਰੀਜਾਂ ਲਈ ਮੁਫ਼ਤ ਸਪਾਇਰੋਮੀਟਰੀ ਕੈਂਪ ਰਾਹੀਂ ਮਰੀਜਾਂ ਦੇ ਫੇਫੜਿਆਂ ਦੀ ਸਮਰੱਥਾ ਦੀ ਮਾਹਿਰ ਡਾਕਟਰਾਂ ਵੱਲੋਂ ਕੀਤੀ ਗਈ ਜਾਂਚ। ਅੰਮ੍ਰਿਤਸਰ, ਮਾਨਾਂਵਾਲਾ 10, 2025 ਕਮਿਊਨਿਟੀ ਹੈਲਥ ਸੈਂਟਰ ਮਾਨਾਵਾਲਾ ਵਿਖੇ ਸਿਵਲ ਸਰਜਨ ਡਾ. ਕਿਰਨਦੀਪ ਕੌਰ ਜੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸੀਨੀਅਰ ਮੈਡੀਕਲ ਅਫ਼ਸਰ ਡਾ. ਮਨਜੀਤ ਸਿੰਘ ਰਟੌਲ ਦੀ ਅਗਵਾਈ ਹੇਠ ਛਾਤੀ, ਅਲਰਜੀ ਅਤੇ ਟੀਬੀ ਦੇ ਮਾਹਿਰ ਡਾਕਟਰ ਹਰਮੀਤ ਸਿੰਘ ਵਲੋ ਦਿਨ ਮੰਗਲਵਾਰ ਨੂੰ ਦੂਜਾ ਮੁਫ਼ਤ ਸਪਾਇਰੋਮੀਟਰੀ ਕੈਂਪ ਲਗਾਇਆ ਗਿਆ ਜਿਸ ਵਿੱਚ ਆਏ ਹੋਏ ਲੋੜਵੰਦ ਮਰੀਜਾਂ ਦੇ ਫੇਫੜਿਆਂ ਦੀ ਸਮਰੱਥਾ ਸੰਬੰਧੀ ਜਾਂਚ ਕੀਤੀ ਗਈ ਅਤੇ ਓਹਨਾਂ ਨੂੰ ਸਾਹ, ਦਮੇ ਅਤੇ ਅਲਰਜੀ ਬਾਰੇ ਵਿਸਤਾਰ ਨਾਲ ਜਾਣਕਾਰੀ ਦੇਕੇ ਕੇ ਸਿਹਤਮੰਦ ਰਹਿਣ ਦੀ ਪ੍ਰੇਰਨਾ ਦਿੱਤੀ ਗਈ। ਇਸ ਮੌਕੇ ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਮਨਜੀਤ ਸਿੰਘ ਰਟੌਲ ਨੇ ਕਿਹਾ ਕਿ ਮੌਜੂਦਾ ਸਮੇਂ ਸੀ.ਐੱਚ.ਸੀ ਮਾਨਾਂਵਾਲਾ ਵਿਖੇ ਜਨਾਨਾ ਰੋਗਾ ਦੇ ਮਾਹਿਰ, ਬੱਚਿਆ ਦੇ ਮਾਹਿਰ ਅਤੇ ਛਾਤੀ ਅਤੇ ਟੀਬੀ ਦੇ ਮਾਹਿਰ ਡਾਕਟਰ ਸਮੇਤ ਬਾਕੀ ਮੈਡੀਕਲ ਅਫ਼ਸਰ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ ਅਤੇ ਸਰਕਾਰ ਦੀਆ ਹਿਦਾਇਤਾਂ ਅਨੁਸਾਰ ਇਲਾਜ਼ ਅਤੇ ਦਵਾਈਆਂ ਬਿਲਕੁਲ ਮੁਫ਼ਤ ਦਿੱਤੀਆਂ ਜਾਂਦੀਆਂ ਹਨ।

ਡਾ. ਹਰਮੀਤ ਸਿੰਘ ਨੇ ਕਿਹਾ ਕਿ ਮੁਫ਼ਤ ਸਪਾਇਰੋਮੀਟਰੀ ਕੈਂਪ ਦੌਰਾਨ 15 -20 ਲੋਕਾਂ ਦੇ ਫੇਫੜਿਆਂ ਦੀ ਸਮਰੱਥਾ ਸੰਬੰਧੀ ਜਾਂਚ ਕੀਤੀ ਗਈ । ਓਹਨਾਂ ਕਿਹਾ ਵੱਧਦੇ ਹਵਾ ਦੇ ਪ੍ਰਦੂਸ਼ਣ ਜਾ ਬਦਲਦੇ ਮੌਸਮ ਜਾ ਕਿਸੇ ਅਲਰਜੀ ਹੋਣ ਕਾਰਨ ਅਕਸਰ ਲੋਕਾਂ ਨੂੰ ਸਾਹ ਲੈਣ ਦੀ ਤਕਲੀਫ ਸ਼ੁਰੂ ਹੁੰਦੀ ਹੈ ਜਿਸਦੀ ਸਹੀ ਢੰਗ ਨਾਲ ਜਾਂਚ ਨਾ ਹੋਣ ਕਰਕੇ ਹੌਲੀ ਹੌਲੀ ਇਹ ਦਮੇ, ਸੀ.ਓ.ਪੀ.ਡੀ ਵਰਗੀ ਬਿਮਾਰੀ ਦਾ ਰੂਪ ਅਖ਼ਤਿਆਰ ਕਰ ਲੈਂਦੀ ਹੈ। ਓਹਨਾਂ ਕਿਹਾ ਕਿ ਹੁਣ ਸੀ.ਐੱਚ.ਸੀ ਮਾਨਾਂਵਾਲਾ ਵਿਖੇ ਪਿਛਲੇ ਦਿਨਾਂ ਵਿੱਚ 150-200 ਮਰੀਜ਼ ਆਪਣੀ ਜਾਂਚ ਕਰਵਾ ਚੁੱਕੇ ਹਨ। ਓਹਨਾਂ ਕਿਹਾ ਕਿ ਇਹ ਬੜਾ ਜਰੂਰੀ ਹੈ ਕਿ ਸਾਹ, ਦਮੇ ਅਤੇ ਅਲਰਜੀ ਦੀ ਸਹੀ ਢੰਗ ਨਾਲ ਜਾਂਚ ਕਰਵਾਈ ਜਾਵੇ ਅਤੇ ਇਸਦਾ ਇਲਾਜ਼ ਡਾਕਟਰੀ ਸਲਾਹ ਅਨੁਸਾਰ ਮੁਕੰਮਲ ਕੀਤਾ ਜਾਵੇ। ਓਹਨਾਂ ਕਿਹਾ ਅਜਿਹੇ ਮਰੀਜਾਂ ਨੂੰ ਚਾਹੀਦਾ ਹੈ ਕਿ ਬਦਲਦੇ ਮੌਸਮ ਜਾ ਫਸਲਾਂ ਦੀ ਵਾਢੀ ਦੌਰਾਨ ਆਪਣੇ ਆਪ ਨੂੰ ਪ੍ਰਦੂਸ਼ਣ ਤੋਂ ਬਚਾਉਣਾ ਯਕੀਨੀ ਬਣਾਉਣ ਅਤੇ ਸਾਹ ਲੈਣ ਵਾਲੀ ਕਿਸੇ ਵੀ ਸਮੱਸਿਆ ਹੋਣ ਦੀ ਸੂਰਤ ਵਿੱਚ ਸਮੇਂ ਸਿਰ ਮਾਹਿਰ ਡਾਕਟਰਾਂ ਤੋਂ ਇਲਾਜ ਕਰਵਾਉਣ ਯਕੀਨੀ ਬਣਾਉਣ। ਇਸ ਮੌਕੇ ਮੈਡੀਕਲ ਅਫ਼ਸਰ ਡਾ. ਨੇਹਾ, ਡਾ. ਐਸ.ਪੀ ਸਿੰਘ, ਨਰਸਿੰਗ ਸਿਸਟਰ ਜਸਬੀਰ ਕੌਰ, ਰੂਪ ਕਿਰਨ ਸਟਾਫ਼ ਨਰਸ, ਨਿਸ਼ਾਨ ਸਿੰਘ ਫਾਰਮੇਸੀ ਅਫ਼ਸਰ, ਗੁਰਜੀਤ ਸਿੰਘ, ਪ੍ਰਿੰਸ ਮੇਲ ਹੈਲਥ ਵਰਕਰ ਸਮੇਤ ਸਟਾਫ਼ ਮੈਂਬਰ ਮੌਜੂਦ ਸਨ।



# ਸਿੱਖ ਨੌਜਵਾਨ ਦੀ ਕੁੱਟਮਾਰ ਕਰਨ ਵਾਲਿਆਂ ਤੇ ਹੋਵੇ ਕਾਰਵਾਈ—ਜਥੇਦਾਰ ਸੁਖਦੇਵ ਸਿੰਘ ਖਾਲਸਾ



**ਫਿਰੋਜ਼ਪੁਰ**

ਕਾਰ ਵਿਚ ਜਾ ਰਹੇ ਸਿੱਖ ਨੌਜਵਾਨ ਦੀ ਕੀਤੀ ਗਈ ਕੁੱਟਮਾਰ ਅਤੇ ਉਸ ਦੇ ਕੰਕਾਰਾਂ ਦੀ ਹੋਈ ਬੇਅਦਬੀ ਦੇ ਚਲਦਿਆਂ ਬਿਨ੍ਹਾਂ ਦੇਰੀ ਪੁਲਿਸ ਮੁਕੱਦਮਾ ਦਰਜ ਕਰਕੇ ਦੋਸ਼ੀਆਂ ਵਿਰੁੱਧ ਹੋਵੇ ਕਾਰਵਾਈ। ਇਹ ਬਿਆਨ ਜਾਰੀ ਕਰਦਿਆਂ ਜਥੇਦਾਰ ਭਾਈ ਸੁਖਦੇਵ ਸਿੰਘ ਖਾਲਸਾ ਮੁੱਖ ਬੁਲਾਰਾ ਦਮਦਮੀ ਟਕਸਾਲ ਨੇ ਸਾਂਝਾ ਕਰਦਿਆਂ ਕਿਹਾ ਕਿ ਬੀਤੇ ਦਿਨ ਸ੍ਰੀ ਮੁਕਤਸਰ ਸਾਹਿਬ ਵਿਖੇ ਸਿ?? ਸੈਨਾ ਵੱਲੋਂ ਇਕ ਗੁਰਸਿੱਖ ਨੌਜਵਾਨ ਨੂੰ ਬੁਰੀ ਤਰ੍ਹਾਂ ਨਾਲ ਕੁਟਿਆ ਗਿਆ ਹੈ ਅਤੇ ਉਸ ਦੇ ਕੰਕਾਰਾਂ ਦੀ ਬੇਅਦਬੀ ਕਰਨ ਦਾ ਘੋਰ ਅਪਰਾਧ ਕੀਤਾ ਹੈ, ਜਿਸ ਵਿਰੁੱਧ ਕਾਰਵਾਈ ਹੋਣਾ ਲਾਜਮੀ ਹੈ। ਉਨ੍ਹਾਂ ਕਿਹਾ ਕਿ ਮੈਂ ਉਕਤ ਸਿ?ਵ ਸੈਨਾ ਆਗੂਆਂ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕਰਦਾ ਹੋਇਆ ਪੁਲਿਸ ਪ੍ਰਸ਼ਾਸਨ ਨੂੰ ਅਪੀਲ ਕਰਦਾ ਹਾਂ ਕਿ ਉਹ ਬਿਨ੍ਹਾਂ ਦੇਰੀ ਇਸ ਮਾਮਲੇ ਵਿਚ ਕਾਰਵਾਈ ਕਰਕੇ ਸਿੱਖ ਨੌਜਵਾਨ ਨੂੰ ਇਨਸਾਫ ਦੇਣ ਤਾਂ ਜ਼ੋ ਭਵਿੱਖ ਵਿਚ ਅਜਿਹੀਆਂ ਘਟਨਾਵਾਂ ਵਾਪਰਨ ਤੋਂ ਬਚ ਸਕਣ।

# ਸ੍ਰੀ ਗੁਰੂ ਹਰਗੋਬਿੰਦ ਸਪੋਰਟਸ ਕਲੱਬ ਬਾਹੜੋਵਾਲ ਦੇ ਪਹਿਲਵਾਨ ਹਰਮਨ ਸਿੰਘ ਨੇ ਸੂਬਾ ਪੱਧਰੀ ਗ੍ਰੀਕੋ ਰੋਮਨ ਕੁਸ਼ਤੀ ਚੈਪੀਅਨਸ਼ਿੱਪ ਵਿਚੋਂ ਚਾਂਦੀ ਦਾ ਮੈਡਲ ਜਿੱਤਿਆ



**ਬੰਗਾ /ਜਗਦੀਸ਼ ਲਾਲ ਕਲਸੀ**

ਨਹਿਰੂ ਸਟੇਡੀਅਮ ਜ਼ਿਲ੍ਹਾ ਫਰੀਦਕੋਟ ਵਿਖੇ ਬੀਤੇ ਦਿਨੀਂ ਹੋਈ ਗ੍ਰੀਕੋ ਰੋਮਨ ਪੰਜਾਬ ਸਟੇਟ ਕੁਸ਼ਤੀ ਚੈਪੀਅਨਸ਼ਿੱਪ (ਅੰਡਰ 15 ਸਾਲ) ਵਿਚ ਕੁਸ਼ਤੀ ਅਖਾੜੇ ਸ੍ਰੀ ਗੁਰੂ ਹਰਗੋਬਿੰਦ ਸਪੋਰਟਸ ਕਲੱਬ ਬਾਹੜੋਵਾਲ ਦੇ ਪਹਿਲਵਾਨ ਹਰਮਨ ਸਿੰਘ ਪੁੱਤਰ ਸ੍ਰੀ ਗੁਰਬਖਸ਼ – ਸ੍ਰੀਮਤੀ ਰੇਖਾ ਰਾਣੀ ਪਿੰਡ ਮਜਾਰੀ ਨੇ 68 ਕਿਲੋ ਭਾਰ ਵਰਗ ਵਿਚ ਸ਼ਾਨਦਾਰ ਕੁਸ਼ਤੀ ਖੇਡ ਦਾ ਪ੍ਰਦਰਸ਼ਨ ਕਰਕੇ ਚਾਂਦੀ ਦਾ ਤਗਮਾ ਜਿੱਤ ਕੇ ਆਪਣਾ, ਆਪਣੇ ਮਾਪਿਆਂ ਦਾ, ਆਪਣੇ ਅਖਾੜੇ ਦਾ ਅਤੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਦਾ ਨਾਮ ਰੋਸ਼ਨ ਕੀਤਾ ਹੈ । ਇਸ ਮੌਕੇ ਚੇਅਰਮੈਨ ਮਲਕੀਅਤ ਸਿੰਘ ਬਾਹੜੋਵਾਲ ਨੇ ਆਪਣੇ ਕਰ ਕਮਲਾਂ ਨਾਲ ਅਖਾੜੇ ਵਿੱਚ ਜੇਤੂ ਪਹਿਲਵਾਨ ਹਰਮਨ ਸਿੰਘ ਦਾ ਸਨਮਾਨ ਕੀਤਾ ਅਤੇ ਹੌਂਸਲਾ ਅਫਜਾਈ ਕਰਦੇ ਹੋਏ ਉਸਦੇ ਸੁਨਿਹਰੀ ਭਵਿੱਖ ਦੀ ਕਾਮਨਾ ਕੀਤੀ । ਉਹਨਾਂ ਨੇ ਨੌਜਵਾਨ ਪਹਿਲਵਾਨ, ਉਸ ਦੇ ਮਾਪਿਆਂ ਅਤੇ ਕੁਸ਼ਤੀ ਕੋਚ ਸ੍ਰੀ ਬਲਬੀਰ ਸੋਂਧੀ ਨੂੰ ਸ਼ਾਨਦਾਰ ਪ੍ਰਾਪਤੀ ਲਈ ਵਧਾਈਆਂ ਵੀ ਦਿੱਤੀਆਂ । ਪਹਿਲਵਾਨਾਂ ਦੇ ਸਨਮਾਨ ਸਮਾਰੋਹ ਮੌਕੇ ਚੇਅਰਮੈਨ ਮਲਕੀਅਤ ਸਿੰਘ ਬਾਹੜੋਵਾਲ, ਸਰਬਜੀਤ ਸਿੰਘ ਸੱਬਾ ਸਾਬਕਾ ਸਰਪੰਚ ਬਾਹੜੋਵਾਲ, ਬਲਬੀਰ ਸੋਂਧੀ ਕੋਚ, ਮਾਸਟਰ ਸੁਖਵਿੰਦਰ ਸਿੰਘ, ਸੁਖਜਿੰਦਰ ਸਿੰਘ ਲਾਦੀਆਂ ਅਤੇ ਹੋਰ ਪਤਵੰਤੇ ਵੀ ਹਾਜ਼ਰ ਸਨ । ਵਰਨਣਯੋਗ ਹੈ ਕਿ ਸ੍ਰੀ ਗੁਰੂ ਹਰਗੋਬਿੰਦ ਸਪੋਰਟਸ ਕਲੱਬ ਬਾਹੜੋਵਾਲ ਵਿਖੇ ਲੜਕੇ ਅਤੇ ਲੜਕੀਆਂ ਨੂੰ ਫਰੀ ਸਟਾਈਲ ਤੇ ਗ੍ਰੀਕੋ ਰੋਮਨ ਕੁਸ਼ਤੀ ਦੀ ਫਰੀ ਟਰੇਨਿੰਗ ਪ੍ਰਦਾਨ ਕੀਤੀ ਜਾਂਦੀ ਹੈ।

# ਮੋਹਾਲੀ ਦੇ ਸੈਕਟਰ 76 ਤੋਂ 80 ਦੇ ਅਲਾਟੀਆਂ ਨੂੰ ਮਿਲੀ ਵੱਡੀ ਰਾਹਤ, ਗਮਾਡਾ ਨੇ ਇਨਹਾਸਮੈਂਟ ਰਾਸ਼ੀ ਘਟਾਉਣ ਤੇ ਕੀਤਾ ਵਿਚਾਰ

**ਮੋਹਾਲੀ**

ਵਿਧਾਇਕ ਕੁਲਵੰਤ ਸਿੰਘ ਦੀਆਂ ਕੋਸ਼ਿਸ਼ਾਂ ਸਦਕਾ ਸੈਕਟਰ 76-80 ਦੇ ਅਲਾਟੀਆਂ ਨੂੰ ਵੱਡੀ ਰਾਹਤ ਮਿਲੀ ਐ, ਜਿਨ੍ਹਾਂ ਅਲਾਟੀਆਂ ਨੂੰ ਇਨਹਾਂਸਮੈਂਟ ਖਰਚਾ ਜਮ?ਹਾਂ ਕਰਵਾਉਣ ਲਈ ਗਮਾਡਾ ਵੱਲੋਂ ਨੋਟਿਸ ਦਿੱਤੇ ਗਏ ਸਨ, ਨੂੰ ਵੱਡੀ ਰਾਹਤ ਦਿੰਦੇ ਹੋਏ, ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ ਇਨਹਾਸਮੈਂਟ ਦੀ ਰਾਸ਼ੀ ਨੂੰ ਘਟਾਉਣ ਲਈ ਸਹਿਮਤੀ ਬਣ ਗਈ ਸੀ।ਇਹ ਸਹਿਮਤੀ ਵਿਧਾਇਕ ਕੁਲਵੰਤ ਸਿੰਘ ਵੱਲੋਂ ਗਮਾਡਾ ਦੇ ਮੁੱਖ ਪ੍ਰਸ਼ਾਸਕ ਵਿਸ਼ੇਸ਼ ਸਾਰੰਗਲ ਨਾਲ ਕੀਤੀ ਮੀਟਿੰਗ ਤੋਂ ਬਾਅਦ ਬਣੀ।ਉਹ ਇਨ੍ਹਾਂ ਨਿਵਾਸੀਆਂ ਦੀ ਇਸ ਮੁਸ਼ਕਿਲ ਦੇ ਹੱਲ ਲਈ ਪਿਛਲੇ ਕਈ ਦਿਨਾਂ ਤੋਂ ਯਤਨਸ਼ੀਲ ਸਨ। ਅੱਜ ਜਾਣਕਾਰੀ ਦਿੰਦੇ ਹੋਏ, ਐਸ.ਏ.ਐਸ. ਨਗਰ ਦੇ ਵਿਧਾਇਕ ਸ. ਕੁਲਵੰਤ ਸਿੰਘ ਨੇ ਦੱਸਿਆ ਕਿ ਅਥਾਰਟੀ ਨੇ ਪਹਿਲਾਂ ਇਨ੍ਹਾਂ ਸੈਕਟਰਾਂ ਦੇ ਅਲਾਟੀਆਂ ਨੂੰ 3164/-ਰੁਪਏ ਪ੍ਰਤੀ ਵਰਗ ਮੀਟਰ ਦੇ ਹਿਸਾਬ ਨਾਲ ਇਨਹਾਂਸਮੈਂਟ ਖਰਚ ਅਦਾ ਕਰਨ ਲਈ ਨੋਟਿਸ ਭੇਜੇ ਸਨ, ਜਿਸ 'ਤੇ ਅਲਾਟੀਆਂ ਵੱਲੋਂ ਇਸ ਖਰਚੇ ਨੂੰ ਘਟਾਉਣ ਦੀ ਬੇਨਤੀ ਕੀਤੀ ਗਈ ਸੀ।ਉਨ੍ਹਾਂ ਕਿਹਾ ਕਿ ਇਹ ਮਾਮਲਾ ਪਹਿਲਾਂ ਵੀ ਗਮਾਡਾ ਕੋਲ ਚੁੱਕਿਆ ਗਿਆ ਸੀ। ਸ. ਕੁਲਵੰਤ ਸਿੰਘ ਨੇ ਕਿਹਾ ਕਿ ਇਸ ਮੁੱਦੇ 'ਤੇ ਵਿਚਾਰ ਕਰਨ ਤੋਂ ਬਾਅਦ, ਹੁਣ ਗਮਾਡਾ ਨੇ ਇਨਹਾਸਮੈਂਟ ਖਰਚੇ ਨੂੰ 839/-ਰੁਪਏ ਪ੍ਰਤੀ ਵਰਗ ਮੀਟਰ ਦੇ ਹਿਸਾਬ ਨਾਲ ਘਟਾਉਣ ਦਾ ਵਿਚਾਰ ਕੀਤਾ ਹੈ।ਉਨ੍ਹਾਂ ਕਿਹਾ ਕਿ ਮਨਜ਼ੂਰੀ ਮਿਲਣ ਤੋਂ ਬਾਅਦ, ਇਹ ਸੈਕਟਰ 76-80 ਦੇ ਅਲਾਟੀਆਂ ਲਈ ਵੱਡੀ ਰਾਹਤ ਹੋਵੇਗੀ।ਇਸ ਤੋਂ ਇਲਾਵਾ, ਜਿਨ੍ਹਾਂ ਅਲਾਟੀਆਂ ਨੇ ਨੋਟਿਸ ਜਾਰੀ ਹੋਣ ਦੀ ਮਿਤੀ ਤੋਂ ਲੈ ਕੇ ਹੁਣ ਤੱਕ ਇਨਹਾਸਮੈਂਟ ਦੀ ਰਾਸ਼ੀ ਜਮ?ਹਾਂ ਨਹੀਂ ਕਰਵਾਈ ਹੈ, ਉਨ੍ਹਾਂ ਤੋਂ ਕੋਈ ਜੁਰਮਾਨਾ/ਵਿਆਜ ਨਹੀਂ ਲਿਆ ਜਾਵੇਗਾ ਅਤੇ ਜਿਨ੍ਹਾਂ ਅਲਾਟੀਆਂ ਨੇ ਜਾਰੀ ਕੀਤੇ ਗਏ ਨੋਟਿਸਾਂ ਦੇ ਜਵਾਬ ਵਿੱਚ ਇਹ ਰਾਸ਼ੀ ਅਦਾ ਕਰ ਦਿੱਤੀ ਹੈ, ਉਨ੍ਹਾਂ ਦੀ ਵਾਧੂ ਰਕਮ ਨੂੰ ਐਡਜਸਟ/ਰਿਫੰਡ ਕੀਤਾ ਜਾਵੇਗਾ ਉਨ੍ਹਾਂ ਕਿਹਾ ਕਿ ਮੋਹਾਲੀ ਦੇ ਇਨ੍ਹਾਂ ਸੈਕਟਰਾਂ ਦੇ ਵਾਸੀਆਂ 'ਤੇ ਪਏ ਇਸ ਵਿੱਤੀ ਬੋਝ ਲਈ ਪਹਿਲਾਂ ਰਾਜ ਕਰਨ ਵਾਲੇ ਸਿਆਸੀ ਲੀਡਰ ਜ਼ਿੰਮੇਵਾਰ ਹਨ,

ਉਨ੍ਹਾਂ ਕਿਹਾ ਕਿ ਮੋਹਾਲੀ 'ਚ ਸਾਬਕਾ ਮੰਤਰੀ ਬਲਬੀਰ ਸਿੱਧੂ ਨੇ ਮੋਹਾਲੀ ਦੇ ਵਿਧਾਇਕ ਵਜੋਂ 15 ਸਾਲ ਰਾਜ ਕੀਤਾ ਜਿਨ੍ਹਾਂ ਨੇ ਸਿਆਸੀ ਲਾਹੇ ਲਈ ਨੋਟਿਸ ਹੀ ਜਾਰੀ ਨਹੀਂ ਹੋਣ ਦਿੱਤੇ, ਜਿਸ ਕਾਰਨ ਇਹ ਰਾਸ਼ੀ 2008 ਤੋਂ 2025 ਤੱਕ 3 ਗੁਣਾ ਵਧ ਗਈ, ਉਨ੍ਹਾਂ ਕਿਹਾ ਕਿ ਮੈਂ ਮੋਹਾਲੀ ਦੇ ਲੋਕਾਂ ਨਾਲ ਹਮੇਸ਼ਾਂ ਖੜ੍ਹਾ ਰਿਹਾ ਹਾਂ ਤੇ ਮੇਰਾ ਫ਼ਰਜ਼ ਬਣਦਾ ਸੀ ਕਿ ਮੈਂ ਮੇਰੇ ਹਲਕੇ ਦੇ ਲੋਕਾਂ ਦੇ ਇਸ ਵਿੱਤੀ ਬੋਝ ਨੂੰ ਘਟਾਵਾਂ, ਜਿਸਦੇ ਨਤੀਜੇ ਵਜੋਂ ਹਰ ਅਲਾਟੀ ਦਾ ਲੱਖਾਂ ਰੁਪਏ ਦਾ ਫ਼ਾਇਦਾ ਕਰਵਾਇਆ, ਉਨ੍ਹਾਂ ਸੈਕਟਰ 76 ਤੋਂ 80 ਤੱਕ ਦੇ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਹ ਰਾਸ਼ੀ ਉਹ ਜਲਦ ਤੋਂ ਜਲਦ ਜਮ?ਹਾਂ ਕਰਵਾਉਣ ਤਾਂ ਕਿ ਲੱਗਣ ਵਾਲੇ ਵਿਆਜ ਤੋਂ ਬਚਿਆ ਜਾ ਸਕੇ।



## ਅਦਾਲਤ ਦੀ ਦੁਨੀਆ ਦਾ ਗਲਪਕਾਰ : ਮਿੱਤਰ ਸੈਨ ਮੀਤ

ਮਨੁੱਖ ਨੂੰ ਹਮੇਸ਼ਾ ਹੀ ਕੁਝ ਨਾ ਕੁਝ ਨਵਾਂ ਜਾਣਨ ਦੀ ਤੀਬਰ ਇੱਛਾ ਰਹੀ ਹੈ। ਜੇ ਪੜ੍ਹਨ ਪੜ੍ਹਾਉਣ ਦੀ ਗੱਲ ਕਰੀਏ ਤਾਂ ਪੰਜਾਬੀ ਪਾਠਕ ਵੀ ਅਜਿਹੀ ਜਾਣਕਾਰੀ ਤੋਂ ਮੁਤਾਸਿਰ ਹੁੰਦਾ ਰਿਹਾ ਹੈ। ਅਜਿਹੀ ਜਾਣਕਾਰੀ ਵਾਲੀਆਂ ਪੁਸਤਕਾਂ, ਚਾਹੇ ਕਿਸੇ ਵਿਧਾ ਦੀਆਂ ਵੀ ਹੋਣ, ਅੱਜ ਵੀ ਪਾਠਕਾਂ ਦੀ ਪਹਿਲੀ ਪਸੰਦ ਹਨ। ਸੰਤੋਸ਼ ਵਾਲੀ ਗੱਲ ਇਹ ਹੈ ਕਿ ਪੰਜਾਬੀ ਸਾਹਿਤ ਵਿਚ ਇਸ ਤਰ੍ਹਾਂ ਦੇ ਸਾਹਿਤ ਦੀ ਸਿਰਜਣਾ ਕਰਨ ਵਾਲੇ ਲੇਖਕ ਹਨ। ਇਹਨਾਂ ਲੇਖਕਾਂ ਦੀ ਢਾਣੀ ਵਿਚ ਇਕ ਨਾਂ ਮਿੱਤਰ ਸੈਨ ਮੀਤ ਦਾ ਵੀ ਸ਼ਾਮਲ ਹੈ। ਮਿੱਤਰ ਸੈਨ ਦਾ ਜਨਮ 20 ਅਕਤੂਬਰ,1952 ਵਿਚ ਬਰਨਾਲਾ ਜ਼ਿਲ੍ਹੇ ਦੇ ਪਿੰਡ ਭੋਤਨਾ ਵਿਖੇ ਮਾਤਾ ਸ਼ਾਂਤੀ ਦੇਵੀ ਅਤੇ ਪਿਤਾ ਸਹਿਜ ਰਾਮ ਗੁਪਤਾ ਦੇ ਘਰ ਹੋਇਆ। ਪਿਤਾ ਜੀ ਪਟਵਾਰ ਦੀ ਨੌਕਰੀ ਕਰਦੇ ਸਨ। ਉਹਨਾਂ ਦਿਨਾਂ ਵਿਚ ਆਵਾਜਾਈ ਦੀਆਂ ਅੱਜ ਵਰਗੀਆਂ ਸਹੂਲਤਾਂ ਨਹੀਂ ਸਨ। ਇਸ ਲਈ ਜਿੱਥੇ ਵੀ ਪਿਤਾ ਦੀ ਬਦਲੀ ਹੋ ਜਾਂਦੀ ਪਰਿਵਾਰ ਨੂੰ ਵੀ ਨਾਲ ਹੀ ਲਿਜਾਣਾ ਪੈਂਦਾ ਸੀ। ਮੁਢਲੀ ਸਿੱਖਿਆ ਦੌਰਾਨ ਮਿੱਤਰ ਸੈਨ ਨੂੰ ਪਹਿਲਾਂ ਪਿੰਡ ਕਾਲੇਕੇ ਤੇ ਫਿਰ ਫਰਵਾਹੀ ਪੜ੍ਹਨਾ ਪਿਆ। ਸਾਲ 1963 ਵਿਚ ਪਰਿਵਾਰ ਨੇ ਪੱਕੀ ਰਿਹਾਇਸ਼ ਬਰਨਾਲਾ ਵਿਖੇ ਕਰ ਲਈ। ਮਿੱਤਰ ਸੈਨ ਨੇ ਦਸਵੀਂ ਜਮਾਤ ਸਰਕਾਰੀ ਹਾਈ ਸਕੂਲ ਬਰਨਾਲਾ ਤੋਂ ਪਾਸ ਕੀਤੀ। ਮਿੱਤਰ ਸੈਨ ਪੜ੍ਹਨ ਵਿਚ ਮੁੱਢ ਤੋਂ ਹੀ ਹੁਸ਼ਿਆਰ ਸੀ। ਇਹੀ ਕਾਰਨ ਹੈ ਕਿ ਉਸ ਨੇ ਐੱਸ. ਡੀ. ਕਾਲਜ ਬਰਨਾਲਾ ਤੋਂ ਬੀ. ਏ. ਆਨਰਜ਼ ਗਣਿਤ ਵਿਚ ਪਾਸ ਕੀਤੀ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਕੇ ਗੋਲਡ ਜਿੱਤਿਆ। ਉਸ ਨੇ ਐਲ. ਐਲ. ਬੀ. ਦੀ ਡਿਗਰੀ ਇਸੇ ਯੂਨੀਵਰਸਿਟੀ ਵਿਚੋਂ ਦੂਜੇ ਸਥਾਨ ਤੇ ਰਹਿ ਕੇ ਪ੍ਰਾਪਤ ਕੀਤੀ ਤੇ ਰਾਸ਼ਟਰੀ ਸ਼ਕਾਲਰਸ਼ਿਪ ਆਪਣੇ ਨਾਂ ਕੀਤਾ। 1979 ਵਿਚ ਮਿੱਤਰ ਸੈਨ ਦੀ ਨਿਯੁਕਤੀ ਸਰਕਾਰੀ ਵਕੀਲ ਦੇ ਤੌਰ ਤੇ ਹੋਈ। ਵੱਖ ਵੱਖ ਅਦਾਲਤਾਂ ਵਿਚ ਸੇਵਾ ਨਿਭਾਉਂਦਿਆਂ ਉਸ ਨੇ ਡਿਸਟ੍ਰਿਕਟ ਅਟਾਰਨੀ ਦਾ ਅਹੁਦਾ ਪ੍ਰਾਪਤ ਕੀਤਾ ਤੇ 31 ਅਕਤੂਬਰ, 2011 ਨੂੰ ਇਸ ਅਹੁਦੇ ਤੋਂ ਸੇਵਾ ਮੁਕਤ ਹੋਇਆ। ਦਸਵੀਂ ਜਮਾਤ ਵਿਚ ਪੜ੍ਹਦਿਆਂ ਹੀ ਮਿੱਤਰ ਸੈਨ ਦੀ ਰੁਚੀ ਕਹਾਣੀਆਂ ਲਿਖਣ ਵੱਲ ਹੋ ਗਈ ਸੀ। 1968 ਵਿਚ ਉਸ ਦੀਆਂ ਦੋ ਕਹਾਣੀਆਂ, ਨਵਤੇਜ ਸਿੰਘ ਦੀ ਸੰਪਾਦਨਾ ਹੇਠ ਛਪਦੇ 'ਬਾਲ ਸੰਦੇਸ਼' ਵਿਚ ਪ੍ਰਕਾਸ਼ਿਤ ਹੋਈਆਂ ਤੇ ਉਹ ਮਿੱਤਰ ਸੈਨ ਤੋਂ ਮਿੱਤਰ ਸੈਨ ਮੀਤ ਬਣ ਗਿਆ। ਗਣਿਤ ਵਰਗੇ ਔਖੇ ਵਿਸ਼ੇ ਦੀ ਪੜ੍ਹਾਈ ਕਰਦਿਆਂ ਹੋਇਆਂ ਵੀ, ਉਹ ਕਾਲਜ ਵਿੱਚ ਲਿਖਣ ਪ੍ਰਕਿਰਿਆ ਨਾਲੋਂ ਨਹੀਂ ਸੀ ਟੁੱਟਿਆ। ਕਾਲਜ ਦੀ ਪੜ੍ਹਾਈ ਦੌਰਾਨ 19 ਸਾਲ ਦੀ ਉਮਰ ਵਿਚ ਉਸ ਨੇ ਨਾਵਲ 'ਅੱਗ ਦੇ ਬੀਜ ' ਲਿਖ ਕੇ ਸਾਹਿਤਕਾਰਾਂ ਨੂੰ ਹੈਰਾਨ ਕਰ ਦਿੱਤਾ ਸੀ। ਇਹ ਨਾਵਲ ਗੁਰਸ਼ਰਨ ਸਿੰਘ ਭਾਅ ਦੀ ਨਿਰਦੇਸ਼ਨਾਂ ਹੇਠ ਕੰਮ ਕਰਦੇ 'ਬਲਰਾਜ ਸਾਹਨੀ ਪ੍ਰਕਾਸ਼ਨ' ਦੁਆਰਾ ਛਾਪਿਆ ਗਿਆ ਸੀ। ਇਸ ਨਾਵਲ ਦੀ ਪ੍ਰਕਾਸ਼ਨਾ ਨਾਲ ਮਿੱਤਰ ਸੈਨ ਮੀਤ ਬਰਨਾਲਾ ਵਿਚ ਸਭ ਤੋਂ ਛੋਟੀ ਉਮਰ ਦਾ ਨਾਵਲਕਾਰ ਬਣ ਗਿਆ ਸੀ। 1973 ਵਿਚ ਉਸ ਨੇ ਨਾਵਲ 'ਕਾਫ਼ਲਾ' ਲਿਖਿਆ ਜੋ 1986 ਵਿਚ ਪ੍ਰਕਾਸ਼ਿਤ ਹੋਇਆ। ਇਹਨਾਂ ਨਾਵਲਾਂ ਦੀ ਸਿਰਜਣਾ ਤੋਂ ਬਾਅਦ ਉਹ ਫਿਰ ਕਹਾਣੀਆਂ ਲਿਖਣ ਵੱਲ ਪਰਤਿਆ ਤੇ ਉਸ ਦੇ ਦੋ ਕਹਾਣੀ-ਸੰਗ੍ਰਹਿ 'ਪੁਨਰਵਾਸ', 'ਲਾਮ' ਅਤੇ 'ਠੋਸ ਸਬੂਤ' ਪ੍ਰਕਾਸ਼ਿਤ ਹੋਏ। ਇਹਨਾਂ ਪੁਸਤਕਾਂ 'ਤੇ ਹੋਈਆਂ ਗੋਸ਼ਟੀਆਂ ਤੋਂ ਮਿੱਤਰ ਸੈਨ ਮੀਤ ਨੂੰ ਬਹੁਤ ਕੁਝ ਸਿੱਖਣ ਨੂੰ ਮਿਲਿਆ। ਉਸ ਨੇ ਸੰਸਾਰ ਪ੍ਰਸਿੱਧ ਰਚਨਾਵਾਂ ਦਾ ਅਧਿਐਨ ਕੀਤਾ। ਜਿਥੇ ਉਸ ਨੂੰ ਨਾਟਕਕਾਰ ਗੁਰਸ਼ਰਨ ਸਿੰਘ ਦੀ ਵਿਚਾਰਧਾਰਾ ਨੇ ਪ੍ਰਭਾਵਿਤ ਕੀਤਾ ਉੱਥੇ ਮੈਕਸਿਮ ਗੋਰਕੀ ਦੇ ਨਾਵਲ ਮਾਂ ਅਤੇ ਹੋਰ ਰਚਨਾਵਾਂ ਤੋਂ ਵੀ ਸੇਧ ਮਿਲੀ। ਹੈਮਿੰਗਵੇ ਦੇ ਨਾਵਲ ਓਲਡ ਮੈਨ ਐਂਡ ਦੀ ਸੀ ਨੇ, ਉਸ ਨੂੰ ਲੇਖਕ ਦੇ ਦ੍ਰਿਸ਼ਟੀਬੱਧ ਹੋਣ ਦੀ ਨਿਰਦੇਸ਼ਨਾਂ ਮਿਲੀ। ਇਹਨਾਂ ਪੁਸਤਕਾਂ ਦੇ ਅਧਿਐਨ ਤੋਂ ਬਾਅਦ ਮਿੱਤਰ ਸੈਨ ਮੀਤ ਜਾਣ ਗਿਆ ਸੀ ਕਿ ਕੋਈ ਵੀ ਲੇਖਕ, ਜੇ ਆਪਣੇ ਅਨੁਭਵ ਤੋਂ ਬਾਹਰ ਜਾ ਕੇ ਰਚਨਾ ਕਰੇਗਾ ਤਾਂ ਰਚਨਾ ਨਾਲ ਇਨਸਾਫ ਨਹੀਂ ਕਰ ਸਕੇਗਾ। ਸਰਕਾਰੀ ਵਕੀਲ ਹੋਣ ਕਰਕੇ ਮਿੱਤਰ ਸੈਨ ਮੀਤ ਕੋਲ ਥਾਣੇ, ਅਦਾਲਤ ਤੇ ਜ਼ੇਲ ਦੀ ਦੁਨੀਆ ਬਾਰੇ ਉਹ ਜਾਣਕਾਰੀ ਸੀ ਜੋ ਦੂਜੇ ਵਕੀਲਾਂ ਕੋਲ ਨਹੀਂ ਹੁੰਦੀ। ਦੂਜੀ ਅਹਿਮ ਗੱਲ ਇਹ ਕਿ ਪੰਜਾਬੀ ਸਾਹਿਤ ਵਿਚ ਇਸ ਵਿਸ਼ੇ ਬਾਰੇ ਲਿਖਿਆ ਵੀ ਨਹੀਂ ਸੀ ਗਿਆ। ਮਿੱਤਰ ਸੈਨ ਮੀਤ ਜਾਣਦਾ ਸੀ ਕਿ ਭਾਵੇਂ ਆਮ ਬੰਦਾ ਥਾਣੇ ਕਚਹਿਰੀਆਂ ਦੇ ਚੱਕਰ ਵਿਚ ਪੈਣ ਤੋਂ ਡਰਦਾ ਰਹਿੰਦਾ ਹੈ ਪਰ ਉਹ ਇਸ ਦੁਨੀਆ ਬਾਰੇ ਜ਼ਰੂਰ ਜਾਣਨਾ ਚਾਹੁੰਦਾ ਹੈ। ਮੀਤ ਨੇ ਅਗਲੀਆਂ ਰਚਨਾਵਾਂ ਪ੍ਰੋਜੈਕਟ ਬਣਾਕੇ ਲਿਖਣ ਦਾ ਫ਼ੈਸਲਾ ਕੀਤਾ। ਇਸ ਪ੍ਰੋਜੈਕਟ ਦੀ ਲੜੀ ਵਿਚ ਥਾਣਾ ਅਦਾਲਤ ਅਤੇ ਜ਼ੇਲ ਦੇ ਮੁੱਖ ਪੜਾ ਸਨ। ਇਹਨਾਂ ਪੜਾਵਾਂ ਵਿਚ ਗੁਜ਼ਰਦੀ ਪ੍ਰਕਿਰਿਆ ਨੂੰ ਕਈ ਵਾਰ ਰਾਜਨੀਤੀ ਵੀ ਪ੍ਰਭਾਵਿਤ ਕਰਦੀ ਹੈ। ਸਮਾਜ ਵਿਚ ਲੁੱਟ ਖੋਹ, ਮਾਰ ਧਾੜ ਕਤਲ ਅਤੇ ਹੋਰ ਜੁਰਮ ਦੀ ਵਾਪਰੀ ਘਟਨਾ ਬਾਰੇ ਅਗਲੇਰੀ ਕਾਰਵਾਈ ਦਾ ਮੁੱਢ ਥਾਣੇ ਤੋਂ ਆਰੰਭ ਹੁੰਦਾ ਹੈ। ਮਿੱਤਰ ਸੈਨ ਮੀਤ ਨੇ ਇਹਨਾਂ ਪੜਾਵਾਂ ਅਨੁਸਾਰ ਰਚਨਾਵਾਂ ਲਿਖਣ ਦਾ ਫ਼ੈਸਲਾ ਕੀਤਾ। ਉਹਨਾਂ ਦਿਨਾਂ ਵਿਚ ਪੰਜਾਬ ਦੇ ਇਕ ਸ਼ਹਿਰ ਵਿਚ ਦਿਲ ਕੰਬਾਊ ਘਟਨਾ ਵਾਪਰ ਗਈ। ਫਿਰੌਤੀ ਲਈ ਇਕ ਬੱਚੇ ਨੂੰ ਪਹਿਲਾਂ ਅਗਵਾਹ ਕੀਤਾ ਗਿਆ ਤੇ ਫਿਰ ਕਤਲ ਵੀ ਕਰ ਦਿੱਤਾ ਗਿਆ। ਇਸ ਘਟਨਾ ਕ੍ਰਮ ਨੂੰ ਕੇਂਦਰ ਵਿਚ ਰੱਖ ਕੇ ਮਿੱਤਰ ਸੈਨ ਮੀਤ ਨੇ 1990 ਵਿਚ ਨਾਵਲ 'ਤਫ਼ਤੀਸ਼' ਦੀ ਸਿਰਜਣਾ ਕੀਤੀ। ਇਸ ਨਾਵਲ ਦੇ ਪ੍ਰਕਾਸ਼ਿਤ ਹੁੰਦਿਆਂ ਹੀ ਮਿੱਤਰ ਸੈਨ ਮੀਤ ਦਾ ਨਾਂ ਚਰਚਾ ਵਿਚ ਆ ਗਿਆ। ਪੰਜਾਬੀ ਸਾਹਿਤ ਵਿਚ ਇਹ ਨਵਾਂ ਤਜਰਬਾ ਸੀ। ਇਸ ਨੇ ਪਾਠਕਾਂ ਦੇ ਸਾਹਮਣੇ ਪੁਲੀਸ ਤੰਤਰ ਦੀ ਅੰਦਰਲੀ ਪ੍ਰਕਿਰਿਆ ਨੂੰ ਖੋਲ ਕੇ ਰੱਖ ਦਿੱਤਾ ਸੀ। ਆਮ ਪਾਠਕ ਤੋਂ ਲੈ ਕੇ ਕਹਿੰਦੇ-ਕਹਾਉਂਦੇ ਆਲੋਚਕਾਂ ਤੱਕ ਦਾ ਧਿਆਨ ਇਸ ਨਾਵਲ ਨੇ ਖਿੱਚਿਆ।ਇਸ ਨਾਵਲ ਦੇ ਹੁਣ ਤੱਕ ਚਾਰ ਸੰਸਕਰਣ ਪ੍ਰਕਾਸ਼ਿਤ ਹੋ ਚੁੱਕੇ ਹਨ।ਗੁਰੂ ਨਾਨਕ ਯੂਨੀਵਰਸਿਟੀ ਅੰਮ੍ਰਿਤਸਰ ਨੇ, ਇਸ ਨੂੰ ਆਪਣੇ ਪੰਜਾਬੀ ਵਿਸ਼ੇ ਦੇ ਐਮ ਏ ਦੇ ਪਾਠ-ਕ੍ਰਮ ਦਾ ਹਿੱਸਾ ਬਣਵਾਇਆ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਪਿਛਲੇ ਸੱਤ ਸਾਲਾਂ ਤੋਂ ਇਸ ਨਾਵਲ ਨੂੰ ਬੀ ਏ ਦੇ ਪਾਠ ਕ੍ਰਮ ਵਿਚ ਸ਼ਾਮਲ ਕੀਤਾ ਹੋਇਆ ਹੈ। ਅਦਾਲਤੀ ਦੁਨੀਆ ਨਾਲ ਸਬੰਧਤ ਮਿੱਤਰ ਸੈਨ ਮੀਤ ਦਾ ਦੂਜਾ ਨਾਵਲ 'ਕਟਹਿਰਾ' 1993 ਵਿਚ ਪ੍ਰਕਾਸ਼ਿਤ ਹੋਇਆ। ਅਦਾਲਤ ਵਿਚ ਗਵਾਹਾਂ ਅਤੇ ਵਕੀਲਾਂ ਦੀ ਕੀ ਭੂਮਿਕਾ ਹੁੰਦੀ ਹੈ ?,ਕਿਵੇਂ ਸੱਚ ਝੂਠ ਵਿਚ ਤੇ ਝੂਠ ਸੱਚ ਵਿਚ ਬਦਲ ਜਾਂਦਾ ਹੈ ? ਬਾਰੇ ਪਾਠਕਾਂ ਨੂੰ ਜਾਣਕਾਰੀ ਇਸ ਨਾਵਲ ਵਿਚੋਂ ਮਿਲ ਜਾਂਦੀ ਹੈ। ਇਸੇ ਲੜੀ ਵਿਚ ਜ਼ੇਲ ਪ੍ਰਬੰਧ ਨੂੰ ਆਧਾਰ ਬਣਾਕੇ ਉਸਨੇ 2006 ਵਿਚ ਨਾਵਲ 'ਸੁਧਾਰ ਘਰ' ਦੀ ਸਿਰਜਣਾ ਕੀਤੀ। ਕੀ ਸਾਡੀਆਂ ਜ਼ੇਲਾਂ ਸੱਚਮੁੱਚ ਹੀ ਸੁਧਾਰ ਘਰਾਂ ਵਿਚ ਬਦਲੀਆਂ ਹਨ ਜਾਂ ਫਿਰ ਸੱਚਾਈ ਕੁਝ ਹੋਰ ਹੈ ? ਇਹ ਨਾਵਲ ਪਾਠਕਾਂ ਨੂੰ ਇਹਨਾਂ ਦੇ ਪ੍ਰਬੰਧ ਤੋਂ ਜਾਣੂੰ ਕਰਵਾਉਂਦਾ ਹੈ। ਇਸੇ ਤਰ੍ਹਾਂ ਮੀਤ ਨੇ ਸਾਡੀ ਨਿਆਂ ਪ੍ਰਣਾਲੀ ਦੀਆਂ ਖ਼ਾਮੀਆਂ ਨੂੰ ਉਜਾਗਰ ਕਰਦਾ ਨਾਵਲ 'ਕੌਰਵ ਸਭਾ' ਲਿਖਿਆ। ਇਸ ਨਾਵਲ ਨੂੰ ਗੁਰੂ ਨਾਨਕ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਬਿਨਾਂ ਕੁਰੂਕਸ਼ੇਤਰ ਯੂਨੀਵਰਸਿਟੀ ਅਤੇ ਦਿੱਲੀ ਯੂਨੀਵਰਸਿਟੀ ਨੇ ਆਪਣੇ ਐਮ ਏ ਪੰਜਾਬੀ ਦੇ ਪਾਠ ਕ੍ਰਮ ਵਿੱਚ ਲਗਾਇਆ ਹੋਇਆ ਹੈ। ਪੰਜਾਬੀ ਸਾਹਿਤ ਵਿਚ ਇਹ ਗੱਲ ਪਹਿਲੀ ਵਾਰ ਦੇਖਣ ਨੂੰ ਮਿਲੀ ਕਿ ਮਿੱਤਰ ਸੈਨ ਮੀਤ ਦੇ ਨਾਵਲਾਂ ਵਿਚ ਪੰਜਾਬ ਦੇ ਪੁਲੀਸ ਵਿਭਾਗ ਨੇ ਵਿਸ਼ੇਸ਼ ਰੁਚੀ ਲਈ। ਹਰਿਆਣਾ ਪੁਲੀਸ ਅਕਾਦਮੀ ਨੇ ਉਸ ਦੇ ਤਿੰਨ ਨਾਵਲ ਤਫ਼ਤੀਸ਼, ਕਟਹਿਰਾ ਅਤੇ ਸੁਧਾਰ ਘਰ ਨੂੰ ਇਕੋ ਜ਼ਿਲਦ ਵਿਚ ਛਾਪ ਕੇ 'ਰਾਮ ਰਾਜਿਆ' ਨਾਂ ਹੇਠ ਪ੍ਰਕਾਸ਼ਿਤ ਕਰਵਾਇਆ। ਇਸੇ ਤਰ੍ਹਾਂ ਨੈਸ਼ਨਲ ਪੁਲੀਸ ਅਕਾਦਮੀ ਹੈਦਰਾਬਾਦ ਨੇ 'ਕੌਰਵ ਸਭਾ' ਨਾਵਲ ਨੂੰ ਪ੍ਰਕਾਸ਼ਿਤ ਕਰਵਾਇਆ। ਦੇਸ਼ ਦੇ ਪੁਲੀਸ ਵਿਭਾਗ ਅਤੇ ਇਸ ਦੀਆਂ ਹੋਰ ਸ਼ਾਖ਼ਾਵਾਂ ਵਿਚ ਕੰਮ ਕਰਦੇ ਛੋਟੇ ਤੋਂ ਲੈ ਕੇ ਵੱਡੇ ਕਰਮਚਾਰੀਆਂ ਨੇ ਮੀਤ ਦੀਆਂ ਰਚਨਾਵਾਂ ਨੂੰ ਦਿਲਚਸਪੀ ਨਾਲ ਪੜਿ ਆ। ਉਸ ਦੇ ਨਾਵਲਾਂ 'ਤੇ ਵੱਖ ਵੱਖ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨੇ ਸਮੇਂ ਸਮੇਂ ਸ਼ੋਧ ਕਾਰਜ ਕੀਤੇ ਹਨ ਤੇ ਅੱਜ ਵੀ ਕਰ ਰਹੇ ਹਨ। ਭਾਰਤੀ ਸਾਹਿਤ ਅਕਾਦਮੀ, ਦਿੱਲੀ ਵੱਲੋਂ ਸਾਲ 2008 ਦਾ ਆਪਣਾ ਵਕਾਰੀ ਪੁਰਸਕਾਰ ਮਿੱਤਰ ਸੈਨ ਮੀਤ ਦੇ ਨਾਵਲ 'ਸੁਧਾਰ ਘਰ' ਨੂੰ ਪ੍ਰਦਾਨ ਕਰਕੇ ਉਸ ਦਾ ਮਾਣ ਵਧਾਇਆ। ਇਸੇ ਸਾਲ ਹੀ ਭਾਰਤ ਸਰਕਾਰ ਦੇ 'ਪੁਲੀਸ ਰਿਸਰਚ ਐਂਡ ਡਿਵੈਲਪਮੈਂਟ ਬਿਓਰੋ' (ਗ੍ਰਹਿ ਵਿਭਾਗ) ਦਿੱਲੀ ਅਦਾਰੇ ਨੇ ਮੀਤ ਦੇ ਇਸ ਨਾਵਲ ਨੂੰ ਐਵਾਰਡ ਦੇ ਕੇ ਸਨਮਾਨਿਤ ਕੀਤਾ। ਇਹਨਾਂ ਤੋਂ ਬਿਨਾਂ ਹੋਰ ਵੀ ਕਈ ਸੰਸਥਾਵਾਂ ਵੱਲੋਂ ਸਮੇਂ ਸਮੇਂ ਉਸ ਦਾ ਸਨਮਾਨ ਕੀਤਾ ਹੈ। ਉਹ ਅੱਜ ਕੱਲ੍ਹ ਆਪਣੇ ਪਰਿਵਾਰ ਸਮੇਤ ਲੁਧਿਆਣਾ ਵਿਖੇ ਰਹਿ ਰਹੇ ਹਨ।

**ਭੋਲਾ ਸਿੰਘ ਸੰਘੇੜਾ**

## ਅੱਖਬੀਤੀ

ਓਦੋਂ ਮੈਂ ਬਠਿੰਡੇ ਹੁੰਦਾ ਸੀ। ਗਰਮੀਆਂ ਦੇ ਸ਼ੁਰੂਆਤੀ ਮਹੀਨੇ ਵਿੱਚ ਇੱਕ ਦਿਨ ਬਾਈ ਜੱਸੂ ਆ ਕੇ ਕਹਿਣ ਲੱਗਾ।

"ਬਾਈ ਬਣਕੇ ਮੇਰਾ ਇੱਕ ਕੰਮ ਈ ਕਰ ਦੇਹ।"

" ਬੋਲ, ਜੇ ਕਰਨ ਆਲਾ ਹੋਇਆ ਤਾਂ ਕਰ ਦੇਊਂ।"

"ਆਪਣੇ ਘਰੇਂ ਇੱਕ ਕਮਰਾ ਐ। ਉਹਦੇ ਚ ਪਲਸਤਰ ਨੀ ਕੀਤਾ ਹੋਇਆ। ਮੈਂ ਉਹਨੂੰ ਪਲੱਸਤਰ ਕਰਵਾਉਣ ਬਾਰੇ ਸੋਚ ਰਿਹਾ ਸੀ।"

"ਪਰ ਮੈਨੂੰ ਤਾਂ ਪਲਸਤਰ ਕਰਨਾ ਨੀ ਆਉਂਦਾ।" ਮੈਨੂੰ ਮਜਾਕ ਸੁੱਝਿਆ।

ਤੂੰ ਪਹਿਲਾਂ ਗੱਲ ਤਾਂ ਸੁਣ ਲੈ ਪੂਰੀ।

ਹਾਂ ਬੋਲ।

ਉਹਦੇ ਚ ਬਿਜਲੀ ਫਿਟਿੰਗ ਆਲੀਆਂ ਪਾਇਪਾਂ ਪਾਉਣੀਆਂ। ਉਹ ਪਾਕੇ ਦੇਹ, ਤੇਰਾ ਬੱਸ ਸਾਰਾ ਦੋ ਘੰਟਿਆਂ ਦਾ ਕੰਮ ਐ।

ਪਾ ਦਿਆਂਗੇ। ਪਰ ਕੀ ਖਵਾਂਏਂਗਾ।

ਜੋ ਕਹੇਂਗਾ।

ਭਗਵਾਨੇ ਦੇ ਸਮੋਸੇ।

ਚੱਲ ਪੱਕਾ, ਕਦੋਂ ਕਰੇਂਗਾ।

ਐਤਵਾਰ। ਤੇਰਾ ਕੰਮ ਕਰਕੇ ਮੈਂ ਪਿੰਡ ਜਾਊਂ।

ਮੈਂ ਵਾਅਦਾ ਕਰ ਲਿਆ। ਵੈਸੇ ਵੀ ਉਹਨੂੰ ਜਵਾਬ ਦੇਣਾ ਮੇਰੇ ਵੱਸ ਦੀ ਗੱਲ ਨਹੀਂ ਸੀ।

ਐਤਵਾਰ ਨੂੰ ਸਵੇਰੇ ਮੈਂ ਉਹਦੇ ਪਿੰਡ ਵਾਲੀ ਮਿੰਨੀ ਬੱਸ ਫੜ ਕੇ ਉਹਦੇ ਘਰ ਜਾ ਪਹੁੰਚਿਆ। ਕੰਮ ਸ਼ੁਰੂ ਕੀਤਾ ਤੇ ਮੇਰੇ ਕੰਮ ਖਤਮ ਕਰਨ ਤੋਂ ਪਹਿਲਾਂ ਹੀ ਉਹ ਬਠਿੰਡਿਓਂ ਆਪਣੇ ਬੱਚਿਆਂ ਨੂੰ ਟਿਊਸ਼ਨ ਪੜਾ ਕੇ ਤੇ ਨਾਲ ਵਾਅਦੇ ਮੁਤਾਬਿਕ ਸਮੋਸੇ ਲੈ ਕੇ ਪਹੁੰਚ ਗਿਆ। ਸਮੋਸੇ ਤਾਂ ਖਾ ਲਏ ਪਰ ਮੇਰੀ ਇੱਕ ਅੱਖ ਵਿੱਚ ਪੱਕੀ ਇੱਟ ਦਾ ਗੇਰੂ ਪੈਣ ਕਰਕੇ ਕਾਫੀ ਰੜਕ ਪੈ ਰਹੀ ਸੀ। ਉਸਨੇ ਘਰ ਵਿੱਚ ਪਈ ਅੱਖਾਂ ਵਿੱਚ ਪਾਉਣ ਵਾਲੀ ਦਵਾਈ ਵੀ ਦੋ ਵਾਰ ਪਾਈ ਪਰ ਕੋਈ ਫਰਕ ਨਾ ਪਿਆ। ਗਿਆਰਾਂ ਵਜਦੇ ਤੱਕ ਕੰਮ ਨਿਬੇੜ ਕੇ ਮੈਂ ਪਿੰਡ ਆਲੀ ਬੱਸ ਚੜ ਗਿਆ। ਦੁਪਿਹਰ ਤੱਕ ਪਿੰਡ ਪਹੁੰਚ ਗਿਆ ਪਰ ਅੱਖ ਵਿੱਚ ਰੜਕ ਕਾਫੀ ਪੈ ਰਹੀ ਸੀ। ਅੱਡੇ ਤੇ ਉਤਰਦੇ ਸਾਰ ਅੱਡੇ ਦੇ ਲਾਗੇ ਮਾਸੀ ਦੇ ਘਰ ਚਲਾ ਗਿਆ। ਸੋਚਿਆ ਪਾਣੀ ਪੀ ਕੇ ਘਰ ਜਾਵਾਂਗਾ। ਮੇਰੀ ਅੱਖ ਦੇਖ ਕੇ ਮਾਸੀ ਦੇ ਮੁੰਡੇ ਨੇ ਘਰ ਵਿੱਚ ਪਈ ਅੱਖਾਂ ਦੀ ਦੇਸੀ ਦਵਾਈ ਪਾ ਦਿੱਤੀ। ਅਸਲ ਵਿੱਚ ਇਹ ਦਵਾਈ ਮੇਰੀ ਦਾਦੀ ਦੇ ਹੱਥਾਂ ਦੀ ਬਣੀ ਹੋਈ ਸੀ। ਤੇ ਇਸ ਦਵਾਈ ਦੀ ਮਾਨਤਾ ਪੂਰੇ ਪਿੰਡ ਵਿੱਚ ਸੀ। ਦਵਾਈ ਪਾਉਣ ਤੋਂ ਬਾਅਦ ਵੀ ਕੋਈ ਫਰਕ ਨਾ ਪਿਆ। ਘਰ ਆ ਕੇ ਮੈਂ ਮੰਜੇ ਤੇ ਲੇਟ ਗਿਆ। ਅੱਖ ਬੁਰੀ ਤਰ੍ਹਾਂ ਲਾਲ ਹੋ ਕੇ ਦਰਦ ਕਰਨ ਲੱਗ ਪਈ ਸੀ। ਜਦੋਂ ਬੇਬੇ(ਦਾਦੀ) ਨੇ ਦੇਖਿਆ ਤਾਂ ਉਹ ਉਸੇ ਟਾਇਮ ਕਹਿਣਾ ਲੱਗੀ

ਲਿਆ, ਮੈਂ ਪੱਲਾ ਫੇਰ ਦਿੰਨੀ ਆਂ। ਠੀਕ ਹੋਜੂ।

ਪਰ ਮੈਂ ਨਾ ਮੰਨਿਆ। ਅਸਲ ਵਿੱਚ ਇੱਟ ਦਾ ਗੇਰੂ ਅੱਖ ਵਿੱਚ ਪੈਣ ਨਾਲ ਸ਼ਾਇਦ ਅੱਖ ਵਿੱਚ ਜਖਮ ਹੋ ਗਏ ਸਨ। ਬੇਬੇ ਨੇ ਦੋ ਤਿੰਨ ਵਾਰ ਅੱਖ ਦਿਖਾਉਣ ਵਸਤੇ ਕਿਹਾ ਪਰ ਮੈਂ ਮਨਾ ਕਰ ਦਿੱਤਾ। ਮੇਰੀ ਬੇਬੇ ਕੋਲ ਅੱਖਾਂ ਦੇਖਣ ਦਾ ਖਾਸ ਗੁਣ ਸੀ। ਅੱਖ ਵਿੱਚ ਕੋਈ ਕਣ- ਕਸੀਰ ਪੈ ਜਾਣਾ ਜਾਂ ਕੋਈ ਚੋਭ ਪੈ ਜਾਣੀ ਤਾਂ ਪਿੰਡ ਦੇ ਹੀ ਨਹੀਂ ਸਗੋਂ ਲਾਗਲੇ ਪਿੰਡਾਂ ਦੇ ਲੋਕ ਵੀ ਦਾਦੀ ਕੋਲ ਆਪਣੀ ਅੱਖ ਦੇ ਇਲਾਜ ਵਾਸਤੇ ਆਉਂਦੇ ਸਨ। ਪਰ ਸਮੇਂ ਦੇ ਗੇੜ ਨਾਲ ਬੁੱਢੀ ਹੋ ਚੁੱਕੀ ਦਾਦੀ ਹੁਣ ਇਹ ਕਹਿ ਕੇ ਆਉਣ ਵਾਲਿਆਂ ਨੂੰ ਮੋੜ ਦਿੰਦੀ ਸੀ ਕਿ ਹੁਣ ਉਸਨੂੰ ਘੱਟ ਦਿਸਣ ਲੱਗ ਗਿਆ ਹੈ।

ਪਰ ਉਸਦੇ ਆਪਣੇ ਹੱਥਾਂ ਦੀ ਬਣੀ ਦਵਾਈ ਦੀਆਂ ਦੋ ਬੂੰਦਾਂ ਉਹ ਜਰੂਰ ਅਗਲੇ ਦੀ ਅੱਖ ਵਿੱਚ ਪਾਉਂਦੀ। ਇਹ ਗੱਲ ਮੈਨੂੰ ਚੰਗੀ ਤਰ੍ਹਾਂ ਪਤਾ ਸੀ। ਪਰ ਬੇਬੇ ਦੀਆਂ ਸਖਤ ਹੋ ਚੁੱਕੀਆਂ ਉਂਗਲਾ ਵੱਲ ਦੇਖ ਕੇ ਮੈਥੋਂ ਕਿਹਾ ਗਿਆ

ਪੱਕੇ ਖੰਗਰ ਵਰਗੀਆਂ ਤਾਂ ਉਂਗਲਾਂ ਐ ਤੇਰੀਆਂ। ਅੱਖ ਮੇਰੀ ਪਹਿਲਾਂ ਈ ਛਿੱਲੀ ਪਈ ਐ।

ਉਹਨੇਂ ਜਿਵੇਂ ਮਿੰਨਤ ਈ ਕੀਤੀ ਹੋਵੇ।

ਇੱਕ ਵਾਰੀ, ਪੁੱਤ ਬਣਕੇ। ਠੀਕ ਹੋਜੂ ਅੱਖ ਤੇਰੀ। ਮੈਨੂੰ ਬਾਅਲਾ ਤਰਸ ਆਈ ਜਾਂਦੈ ਤੇਰੇ ਤੇ।

ਅਸਲ ਵਿੱਚ ਮੇਰੀ ਹਾਲਤ ਸੱਚ ਹੀ ਤਰਸਯੋਗ ਬਣੀ ਹੋਈ ਸੀ।

ਲੈ ਤੂੰ ਲਾਹ ਲੈ ਚਾਅ ਆਵਦਾ।

ਮੈਂ ਅੱਕ ਕੇ ਉਹਦੇ ਅੱਗੇ ਜਾ ਕੇ ਭੁੰਜੇ ਬੈਠ ਗਿਆ। ਤੇ ਬੇਬੇ ਨੇ ਵਾਹਿਗੁਰੂ ਕਹਿ ਕੇ ਆਪਣੀ ਚੁੰਨੀ ਦੇ ਇੱਕ ਲੜ ਨੂੰ ਆਪਣੀ ਉਂਗਲ ਤੇ ਲਪੇਟ ਕੇ ਜੀਭ ਨਾਲ ਗਿੱਲਾ ਕੀਤਾ। ਮੇਰੀ ਦੁਖਦੀ ਅੱਖ ਦੀ ਪਲਕ ਨੂੰ ਉੱਪਰ ਵੱਲ ਉਠਾ ਕੇ ਸੱਚਮੁੱਚ ਪੱਥਰ ਵਰਗੀ ਉਂਗਲ ਮੇਰੇ ਆਨੇ ਉੱਪਰ ਘੁਮਾਈ। ਅੱਖ ਵਿੱਚੋਂ ਪਾਣੀ ਵਗਣ ਲੱਗਾ। ਪੱਲਾ ਫੇਰ ਕੇ ਉਹਨੇ ਮੈਨੂੰ ਮੰਜੇ ਤੇ ਲੇਟਣ ਲਈ ਕਿਹਾ। ਅੱਖ ਵਿਚ ਦੋ ਬੂੰਦਾਂ ਦਵਾਈ ਪਾ ਕੇ ਉਹ ਆਪਣੇ ਚਰਖੇ ਕੋਲ ਜਾ ਬੈਠੀ। ਕੁਝ ਪਲ ਅੱਖ ਵਿੱਚ ਤੇਜ ਦਵਾਈ ਦੀ ਜਲਣ ਹੋਈ।ਮੈਨੂੰ ਨੀਂਦ ਆਉਣ ਲੱਗੀ ਤਾਂ ਸੌਂ ਗਿਆ ਇੱਕ ਘੰਟੇ ਬਾਅਦ ਜਾਗਿਆ ਤਾਂ ਅੱਖ ਦਾ ਦਰਦ ਗਾਇਬ ਸੀ। ਸ਼ੀਸ਼ੇ ਵਿੱਚ ਦੇਖਿਆ ਤਾਂ ਲਾਲੀ ਵੀ ਕਾਫੀ ਘਟ ਗਈ ਸੀ। ਮੈਂ ਸੌਂਹ ਖਾ ਕੇ ਕਹਿ ਸਕਦਾ ਹਾਂ ਕਿ ਮੈਂ ਸੱਚਮੁੱਚ ਉਸ ਦਿਨ ਆਪਣੀ ਬੇਬੇ ਦੇ ਹੱਥਾਂ ਵਿਚਲਾ ਜਾਦੂ ਆਪਣੀਆਂ ਅੱਖਾਂ ਨਾਲ ਦੇਖਿਆ। ਜਿਸ ਨਾਲ ਲੱਗਭੱਗ ਪੌਣੀ ਸਦੀ ਤੱਕ ਉਸਨੇ ਹਜਾਰਾਂ ਲੋਕਾਂ ਦੀਆਂ ਅੱਖਾਂ ਨੂੰ ਸ਼ਫਾਕਤ ਬਖਸ਼ੀ।

2018 ਨੂੰ ਸਾਡੀ ਬੇਬੇ 96 ਸਾਲ ਦੀ ਉਮਰ ਭੋਗ ਕੇ ਸਵਰਗਵਾਸ ਹੋ ਗਈ।



**ਗੁਰਦੀਪ ਕੌਰੇਆਣਾ**

## ਕੀ ਔਕਲੈਂਡ ਵਿੱਚ CV ਘਟਣ ਨਾਲ ਘਰ ਸਸਤੇ ਹੋਣਗੇ?

ਘਰਾਂ ਦੇ ਮਾਲਕ ਹਮੇਸ਼ਾਂ ਖ਼ੁਸ਼ ਹੁੰਦੇ ਹਨ ਜਦੋਂ ਘਰ ਮਹਿੰਗੇ ਹੋਈ ਜਾਣ ਅਤੇ ਘਰਾਂ ਦੇ ਖਰੀਦਦਾਰ ਖ਼ੁਸ਼ ਹੁੰਦੇ ਹਨ ਕਿ ਘਰ ਸਸਤੇ ਹੋ ਜਾਣ ਤਾਂ ਕਿ ਖਰੀਦੇ ਜਾ ਸਕਣ । ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਮੇਂ ਸਮੇਂ ਤੇ ਘਰ ਕਦੇ ਸਸਤੇ ਅਤੇ ਕਦੇ ਮਹਿੰਗੇ ਹੁੰਦੇ ਰਹਿੰਦੇ ਹਨ ਪਰ ਇਨ੍ਹਾਂ ਦੇ ਕਈ ਕਾਰਣ ਹੁੰਦੇ ਹਨ । ਲੋਕਾਂ ਵਿੱਚ ਜਿਆਦਾ ਡਰ ਜਾਣਕਾਰੀ ਦੀ ਘਾਟ ਕਾਰਣ ਪੈਦਾ ਹੁੰਦਾ ਹੈ 1 ਇਸ ਕਰਕੇ ਚੰਗੀ ਗੱਲ ਹੈ ਕਿ ਵੱਧ ਤੋਂ ਵੱਧ ਜਾਣਕਾਰੀ ਹਾਸਿਲ ਕੀਤੀ ਜਾਵੇ ।

ਮੈਨੂੰ ਕਾਫੀ ਵਿਅਕਤੀਆਂ ਦੇ ਫੋਨ ਆਏ ਜਿਨ੍ਹਾਂ ਦਾ ਘਰ ਖਰੀਦਣ ਦਾ ਸੌਦਾ ਅੱਧ ਵਿਚਾਲੇ ਸੀ ♦ ਬਾਦ ਵਿੱਚ CV 9% ਘਟ ਗਈ ਤਾਂ ਉਹ ਪੁੱਛ ਰਹੇ ਸੀ ਕਿ ਸੌਦਾ ਕਰਨ ਵਿੱਚ ਫਾਇਦਾ ਹੈ ਜਾਂ ਛੱਡਣ ਵਿੱਚ? ਆਓ ਸਮਝੀਏ ।

CV ਦਾ ਭਾਵ ਹੈ ਕੈਪੀਟਲ ਵੈਲੂਉ (Capital Value) ♦ ਇਹ CV ਕਾਉਂਸਿਲ ਵਲੋਂ ਘਰਾਂ ਦੇ ਰੇਟ ਚਾਰਜ਼ ਕਰਨ ਲਈ ਕਰਵਾਈ ਜਾਂਦੀ ਹੈ ♦ ਇਸ ਕਰਕੇ ਇਸ ਨੂੰ ਰੇਟਿੰਗ ਵੈਲੂਏਸ਼ਨ ਵੀ ਕਹਿ ਸਕਦੇ ਹਾਂ ♦

ਮੇਰਾ ਮੰਨਣਾ ਹੈ ਕਿ CV ਦਾ ਘਰਾਂ ਦੀ ਮਾਰਕੀਟ ਦੇ ਉੱਤੇ ਥੱਲੇ ਜਾਣ ਦਾ ਕੋਈ ਸਬੰਧ ਨਹੀਂ ਹੈ ♦ ਘਰਾਂ ਦੀ ਮਾਰਕੀਟ ਦੇ ਉੱਤੇ ਥੱਲੇ ਜਾਣ ਦੇ ਹੋਰ ਕਾਰਣ ਹੋ ਸਕਦੇ ਹਨ ਪਰ CV ਦੇ ਥੱਲੇ ਜਾਂ ਉੱਤੇ ਜਾਣ ਨਾਲ ਘਰਾਂ ਦੀ ਕੀਮਤ ਨੂੰ ਕੋਈ ਫਰਕ ਨਹੀਂ ਪੈਂਦਾ ।

CV ਦਾ ਫਰਕ ਸਾਡੇ ਮਾਈਂਡਸੈੱਟ ਨੂੰ ਪੈਂਦਾ ਹੈ । ਜਿਸ ਤਰਾਂ ਜੇ ਘਰਾਂ ਦੀ ਕੀਮਤ ਉੱਪਰ ਜਾਵੇਗੀ ਤਾਂ ਘਰਾਂ ਦੇ ਮਾਲਕ ਅਮੀਰ ਮਹਿਸੂਸ ਕਰਨਗੇ ਅਤੇ ਉਹ ਇਸੇ ਖੁਸ਼ੀ ਵਿੱਚ ਖਰਚਾ ਵੱਧ ਕਰਨਗੇ ਅਤੇ CV ਘਟਣ ਦੀ ਸੂਰਤ ਵਿੱਚ ਇਸ ਤੋਂ ਉਲਟ ਹੋਵੇਗਾ । ਜਦੋਂ ਲੋਕ ਖਰਚਾ ਘੱਟ ਕਰਨ ਤਾਂ ਆਰਥਿਕ ਮੰਦੀ ਆ ਜਾਂਦੀ ਹੈ ।

ਆਓ ਹੁਣ ਦੇਖਦੇ ਹਾਂ ਕਿ ਮਾਰਕੀਟ ਵਿੱਚ ਘਰਾਂ ਦੇ ਪ੍ਰਾਈਸ (Price) ਜਾਂ ਆਸਕਿੰਗ ਪ੍ਰਾਈਸ (Asking Price) ਕਿਵੇਂ ਤਹਿ ਹੁੰਦੇ ਹਨ?

ਜਦੋਂ ਕੋਈ ਵਿਅਕਤੀ ਆਪਣਾ ਘਰ ਰੀਅਲ ਐਸਟੇਟ ਰਾਹੀਂ ਵੇਚਣਾ ਚਾਹਵੇ ਤਾਂ ਉਹ ਰੀਅਲ ਐਸਟੇਟ ਏਜੇਂਟ ਨੂੰ ਪੁੱਛਦਾ ਹੈ ਕਿ ਉਸ ਦਾ ਘਰ ਕਿੰਨੇ ਦਾ ਵਿਕੇਗਾ? ਰੀਅਲ ਐਸਟੇਟ ਏਜੇਂਟ ਉਸ ਇਲਾਕੇ ਦੀ ਅੱਪ-ਟੂ-ਡੇਟ ਸੇਲਸ ਰਿਪੋਰਟ ਦੇਖਦਾ ਹੈ ਕਿ ਉਸ ਇਲਾਕੇ ਵਿੱਚ ਘਰ ਪਿਛਲੇ ਕੁੱਝ ਮਹੀਨਿਆਂ ਵਿੱਚ ਕਿੰਨੇ ਕਿੰਨੇ ਦੇ ਵਿਕੇ ਹਨ? ਉਹ ਵਿਕੇ ਹੋਏ ਘਰ ਉਸ ਘਰ ਨਾਲੋਂ ਛੋਟੇ ਵੱਡੇ ਹੋ ਸਕਦੇ ਹਨ, ਉਨ੍ਹਾਂ ਘਰਾਂ ਦੀ ਜ਼ਮੀਨ ਵੱਧ ਘੱਟ ਹੋ ਸਕਦੀ ਹੈ, ਉਨ੍ਹਾਂ ਦੇ ਟਾਈਟਲ ਵੱਖ ਵੱਖ ਹੋ ਸਕਦੇ ਹਨ ਜਿਨ੍ਹਾਂ ਕਾਰਣ ਉਨ੍ਹਾਂ ਘਰਾਂ ਨੂੰ ਵਿਕਣ ਵਾਲੇ ਘਰ ਨਾਲ ਸਿੱਧਾ ਨਹੀਂ ਮਿਲਾਇਆ ਜਾ ਸਕਦਾ ।

ਉਨ੍ਹਾਂ ਸੇਲਾਂ ਮੁਤਾਬਿਕ ਏਜੇਂਟ ਵਿਕਣ ਵਾਲੇ ਘਰ ਦਾ ਪ੍ਰਾਈਸ (Price) ਅਡਜਸਟ (Adjust) ਕਰਦਾ ਹੈ ਅਤੇ ਘਰ ਦੇ ਮਾਲਿਕ ਨਾਲ ਵਿਚਾਰਦਾ ਹੈ ♦ ਜੇ ਘਰਾਂ ਦੀ ਮਾਰਕੀਟ ਤੇਜ਼ ਹੈ ਤਾਂ ਪ੍ਰਾਈਸ ਵੀਹ ਜਾਂ ਤੀਹ ਹਜ਼ਾਰ ਫਾਲਤੂ ਹੋ ਸਕਦਾ ਹੈ ਪਰ ਠੰਡੀ ਮਾਰਕੀਟ ਵਿੱਚ ਤਕਰੀਬਨ ਜਿਆਦਾ ਕੀਮਤ ਨਹੀਂ ਹੁੰਦੀ ♦ ਕੁੱਝ ਕੀਮਤ ਘਰਾਂ ਦੀ ਨੈਗੋਸੀਏਸ਼ਨ ਵੇਲੇ ਵੀ ਘੱਟ ਹੋ ਜਾਂਦੀ ਹੈ ।



**ਅਵਤਾਰ ਤਰਕਸ਼ੀਲ**
**ਨਿਊਜ਼ੀਲੈਂਡ**

ਉੱਪਰ ਵਾਲਾ ਤਰੀਕਾ ਵਰਤਣ ਵੇਲੇ ਏਜੇਂਟ ਨੇ ਕੋਈ CV ਨਹੀਂ ਦੇਖੀ । ਇਸ ਕਰਕੇ ਉਸ ਘਰ ਦਾ ਪ੍ਰਾਈਸ CV ਤੇ ਬਿਲਕੁਲ ਨਿਰਭਰ ਨਹੀਂ ਕਰੇਗਾ ♦

ਇਸ ਤੋਂ ਵੀ ਉੱਪਰ ਕਿ CV ਤਿੰਨ ਸਾਲਾਂ ਬਾਦ ਆਉਂਦੀ ਹੈ ਜਦਕਿ ਘਰਾਂ ਦੀ ਕੀਮਤ ਤਕਰੀਬਨ ਹਰ ਮਹੀਨੇ ਬਦਲਦੀ ਹੈ । ਇਸ ਕਰਕੇ CV ਨੂੰ ਘਰ ਦੀ ਕੀਮਤ ਨਾਲ ਮਿਲਾ ਕੇ ਦੇਖਣਾ ਹੀ ਗਲਤ ਹੈ ♦

ਕਦੇ ਕਦੇ ਬੈਂਕਾਂ CV ਦੇ ਅਧਾਰ ਤੇ ਪ੍ਰਾਪਰਟੀ ਦੀ ਕੀਮਤ ਨੂੰ ਸਹੀ ਮੰਨ ਲੈਂਦੀਆਂ ਹਨ । ਉਹ ਸਿਰਫ ਉਨ੍ਹਾਂ ਕੇਸਾਂ ਵਿੱਚ ਹੁੰਦਾ ਹੈ ਜਿੱਥੇ ਖਰੀਦਦਾਰ ਕੋਲ ਇਕੁਇਟੀ (Equity) ਬਹੁਤ ਜਿਆਦਾ ਹੁੰਦੀ ਹੈ ।

ਕੁੱਝ ਕੇਸਾਂ ਵਿੱਚ ਈ ਵੈਲੂਏਸ਼ਨ ਨੂੰ ਬੈਂਕ ਮੰਨ ਲੈਂਦੀ ਹੈ ਜੋ 50 ਕੁ ਡਾਲਰ ਵਿੱਚ ਆਨਲਾਇਨ ਤੁਸੀਂ ਖੁਦ ਵੀ ਕਰ ਸਕਦੇ ਹੋ । ਆਮ ਤੌਰ ਤੇ ਬੈਂਕਾਂ ਮੁਫ਼ਤ ਹੀ ਕਰ ਲੈਂਦੀਆਂ ਹਨ ਜਾਂ ਆਪਣੇ ਖਰਚ ਤੇ ਕਰ ਲੈਂਦੀਆਂ ਹਨ 1

ਅਸਲੀ ਵੈਲੂਏਸ਼ਨ ਮਾਰਕੀਟ ਵੈਲੂਏਸ਼ਨ (Market Valuation) ਨੂੰ ਮੰਨਿਆ ਜਾਂਦਾ ਹੈ ਜੋ ਕਿ ਪ੍ਰਾਈਵੇਟ ਵੈਲੂਏਸ਼ਨ ਕੰਪਨੀ ਕਰਦੀ ਹੈ ਜਿਸ ਨੂੰ ਰਜਿਸਟਰਡ (Registered Valuation) ਵੈਲੂਏਸ਼ਨ ਵੀ ਕਹਿੰਦੇ ਹਨ ਪਰ ਆਮ ਘਰ ਵਾਸਤੇ ਇਸ ਦੀ ਕੀਮਤ £800 ਦੇ ਕਰੀਬ ਹੁੰਦੀ ਹੈ ਪਰ ਮਹਿੰਗੇ ਘਰਾਂ ਵਿੱਚ ਇਹ ਮਹਿੰਗੀ ਹੋ ਸਕਦੀ ਹੈ । ਇਹ ਖਰਚਾ ਘਰ ਖਰੀਦਣ ਵਾਲੇ ਨੂੰ ਦੇਣਾ ਪੈਂਦਾ ਹੈ । ਇਸ ਵੈਲੂਏਸ਼ਨ ਦਾ ਆਰਡਰ ਵੀ ਅੱਜਕਲ੍ਹ ਬੈਂਕਾਂ ਆਪਣੇ ਅੰਦਰੂਨੀ (Internal) ਸਿਸਟਮ ਰਾਹੀਂ ਹੀ ਕਰਦੀਆਂ ਹਨ 1

ਮੈਂ ਪਿਛਲੇ 26 ਸਾਲਾਂ ਵਿੱਚ ਸੈਂਕੜੇ ਘਰ ਖਰੀਦੇ ♦ ਖਰੀਦਣ ਵੇਲੇ ਕਦੇ ਜਾਣ ਬੁੱਝ ਕੇ CV ਨਹੀਂ ਦੇਖੀ ਪਰ ਕਈ ਵਾਰ ਘਰਾਂ ਦੇ ਹੋਰ ਕਾਗਜ਼ ਪੜ੍ਹਦਿਆਂ CV ਦਿਸ ਪਈ ਹੋਵੇ ਤਾਂ ਵੱਖਰੀ ਗੱਲ ਹੈ ♦

ਹੁਣ ਵੀ CV ਘਟੀ ਹੈ ਤਾਂ ਮੈਂ ਕੋਈ ਨੋਟਿਸ ਨਹੀਂ ਲਿਆ ਸੀ ਪਰ ਮੈਨੂੰ ਕਾਫੀ ਫੋਨ ਆਉਣ ਕਰਕੇ ਉਸ ਬਾਰੇ ਲਿਖ ਰਿਹਾ ਹਾਂ ।

ਘਰ ਖਰੀਦਣ ਜਾਂ ਵੇਚਣ ਵੇਲੇ ਜਾਂ ਘਰਾਂ ਵਿੱਚ ਇਨਵੈਸਟ ਕਰਨ ਵੇਲੇ ਸੈਂਕੜੇ ਇਸ ਤਰਾਂ ਦੇ ਨੁਕਤੇ ਹਨ ਜਿਨ੍ਹਾਂ ਦਾ ਸਾਨੂੰ ਆਪ ਪਤਾ ਹੋਣਾ ਚਾਹੀਦਾ ਹੈ । ਨਾ ਪਤਾ ਹੋਣ ਦੀ ਸੂਰਤ ਵਿੱਚ ਅਸੀਂ ਹਜ਼ਾਰਾਂ ਜਾਂ ਕਈ ਵਾਰ ਲੱਖਾਂ ਦਾ ਨੁਕਸਾਨ ਕਰਾ ਬੈਠਦੇ ਹਾਂ ।

ਮੇਰੇ ਕੋਲ ਸਾਰਿਆਂ ਨਾਲ ਗੱਲ ਕਰਨ ਦਾ ਸਮਾਂ ਨਹੀਂ ਹੁੰਦਾ ♦ ਇਸੇ ਕਰਕੇ ਮੈਂ ਘਰਾਂ ਦੀ ਇਨਵੈਸਟਮੈਂਟ ਬਾਰੇ ਕਿਤਾਬ "Homeless to Multi-Millionaire" ਲਿਖੀ ਹੈ ਤਾਂ ਕਿ ਸਾਰੇ ਪਾਠਕ ਘਰ ਬੈਠੇ ਹੀ ਲਾਭ ਉਠਾ ਸਕਣ ♦ ਇਹ ਕਿਤਾਬ ਕਿਰਾਏ ਤੇ ਰਹਿਣ ਵਾਲਿਆਂ ਲਈ, ਪਹਿਲਾ ਘਰ ਖਰੀਦਣ ਵਾਲਿਆਂ ਲਈ, ਘਰਾਂ ਵਿੱਚ ਇਨਵੈਸਟਮੈਂਟ ਕਰਨ ਵਾਲਿਆਂ ਲਈ, ਨੌਕਰੀ ਤੋਂ ਛੁਟਕਾਰਾ ਕਰਵਾਉਣ ਵਾਲਿਆਂ ਲਈ ਜਾਂ ਜਲਦੀ ਫਾਈਨੈਂਸ਼ਲ ਆਜ਼ਾਦੀ ਹਾਸਿਲ ਕਰਨ ਵਾਲਿਆਂ ਲਈ ਲਾਹੇਵੰਦ ਹੈ । ਤੁਸੀਂ ਕਿਤਾਬ ਟਰੇਡ ਮੀ ਤੋਂ ਖਰੀਦ ਸਕਦੇ ਹੋ ਜਾਂ ਮੇਰੇ ਕੋਲੋਂ ਖਰੀਦ ਸਕਦੇ ਹੋ ।

## ਔਲਾਦ ਗਰੀਬੀ ਤੇ ਮਜਬੂਰੀ

"ਸਾਬ ਜੀ ਮੇਰਾ ਲੜਕਾ ਖੜੀਚ ਗਿਆ ਤਿੰਨ ਦਿਨ ਹੋਗੇ।÷ ਸਾਡੇ ਸਕੂਲ ਦੇ ਮਾਲੀ ਰਾਮੂ ਨੇ ਹੱਥ ਜੋੜਦੇ ਹੋਏ ਮੈਨੂੰ ਕਿਹਾ। ਰਾਮੂ ਸਾਡੇ ਸਕੂਲ ਦਾ ਪੱਕਾ ਮਾਲੀ ਨਹੀਂ ਸੀ। ਅਸੀਂ ਉਸ ਨੂੰ ਪੀਟੀਏ ਫੰਡ ਚੋ ਕੋਈਂ ਅੱਠ ਕੁ ਸੋ ਰੁਪਏ ਮਹੀਨਾ ਦਿੰਦੇ ਸੀ। ਉਹ ਸਕੂਲ ਦੀ ਫੁਲਵਾੜੀ ਵਿੱਚ ਗੇੜੀ ਮਾਰਦਾ ਸੀ ਤੇ ਰਾਤੀ ਸਕੂਲ ਵਿੱਚ ਚੌਕੀਦਾਰੀ ਵੀ ਕਰਦਾ ਸੀ। ਅਸੀਂ ਉਸ ਨੂੰ ਸਕੂਲ ਦੇ ਪਿਛਲੇ ਪਾਸੇ ਬਣਿਆ ਇੱਕ ਕੱਚਾ ਜਿਹਾ ਕਮਰਾ ਰਹਿਣ ਨੂੰ ਦਿੱਤਾ ਹੋਇਆ ਸੀ। ਸਮਝੋ ਸਕੂਲ ਦਾ ਗਰਾਊਂਡ ਉਸਦਾ ਵੇਹੜਾ ਸੀ। ਦਿਨ ਵੇਲੇ ਉਹ ਨਾਲ ਲੱਗਦੀ ਦਾਣਾ ਮੰਡੀ ਵਿੱਚ ਕੰਮ ਕਰਦਾ ਅਤੇ ਇੰਨੇ ਨਾਲ ਹੀ ਉਹ ਆਪਣੇ ਵੱਡੇ ਸਾਰੇ ਪਰਿਵਾਰ ਨੂੰ ਪਾਲ ਰਿਹਾ ਸੀ। ਇਹ ਪੂਰਬੀਏ ਬਹੁਤ ਘੱਟ ਪੈਸਿਆਂ ਨਾਲ ਗੁਜ਼ਰ ਬਸਰ ਕਰ ਲੈਂਦੇ ਹਨ।

"ਖੜੀਚ ਗਿਆ? ਮੈਂ ਸਮਝਾ ਨਹੀਂ।" ਮੈਂ ਉਸ ਨੂੰ ਪੁੱਛਿਆ।

"ਵੋਹ ਘਰ ਸੇ ਭਾਗ ਗਿਆ। ਗੁੰਮ ਹੋ ਗਿਆ ਹੈ।" ਉਸਨੇ ਮੈਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ।

"ਭਾਈ ਉਸੇ ਢੂੰਡ ਲੇ। ਆਸ ਪੜੋਸ ਕੇ ਗਾਓਂ ਸੇ ਪਤਾ ਕਰੋ। ਆਪਣੇ ਵਤਨ ਜਾ ਕਰ ਦੇਖ ਆਓਂ। ਮਿਲ ਜਾਏਗਾ।" ਉਸਨਾਲ ਹਮਦਰਦੀ ਜਿਤਾਉਂਦੇ ਹੋਏ ਨੇ ਮੈਂ ਕਿਹਾ।

"ਨਹੀਂ ਸਾਬ ਜੀ ਕਹਾਂ ਢੂੰਡੂ ਉਸੇ। ਆਠ ਸੌ ਮੇ ਪਰਿਵਾਰ ਚਲਾਉਂ ਜਾਂ ਉਸਕੇ ਲੀਏ ਦੋੜਤਾ ਰਹੂੰ।÷ ਉਸਨੇ ਠੰਡਾ ਹੌਂਕਾ ਲੈਂਦੇ ਹੋਏ ਨੇ ਕਿਹਾ। ਗੱਲ ਆਈ ਗਈ ਹੋ ਗਈ। ਗਰੀਬ ਆਦਮੀ ਇੱਥੇ ਆਕੇ ਮਜਬੂਰ ਹੋ ਜਾਂਦਾ ਹੈ। ਪ੍ਰੰਤੂ ਉਸ ਦੇ ਅੰਦਰ ਆਪਣੇ ਲੜਕੇ ਨੂੰ ਲੈਕੇ ਖਿੱਚ ਬਰਕਰਾਰ ਸੀ। ਪ੍ਰੰਤੂ ਗਰੀਬੀ ਕਰਕੇ ਉਸਨੇ ਉਸ ਗਮ ਨੂੰ ਦਬਾ ਰੱਖਿਆ ਸੀ। ਫਿਰ ਰਾਮੂ ਬਿਮਾਰ ਰਹਿਣ ਲੱਗ ਪਿਆ। ਹੁਣ ਉਹ ਵੇਹੜੇ ਵਿਚਲੀ ਮੰਜੀ ਤੇ ਪਿਆ ਆਪਣੀ ਖਤਮ ਹੋ ਚੁੱਕੀਆਂ ਅੱਖਾਂ ਨਾਲ ਦੂਰ ਸੜਕ ਵੱਲ ਵੇਖਦਾ ਰਹਿੰਦਾ। ਸ਼ਾਇਦ ਉਹ ਉਸੇ ਦਾ ਇੰਤਜਾਰ ਕਰਦਾ ਸੀ। ਉਹਨਾਂ ਉਡੀਕ ਭਰੀਆਂ ਅੱਖਾਂ ਨਾਲ ਉਹ ਗਰੀਬੀ ਦਾ ਭੰਨਿਆ ਬਾਪ ਇੱਕ ਦਿਨ ਇਸ ਜਹਾਨੋਂ ਕੂਚ ਕਰ ਗਿਆ ਅਤੇ ਆਪਣੇ ਪਿੱਛੇ ਸਮਾਜ ਲਈ ਕੁਝ ਸਵਾਲ ਛੱਡ ਗਿਆ।

ਮੇਰੇ ਦੋਸਤ ਸ੍ਰੀ ਹੇਮੰਤ ਕਾਮਰਾ ਨੇ ਆਪਣੇ ਸਕੂਲ ਦੀ ਇਹ ਘਟਨਾ ਸੁਣਾਈ। ਜਿਸ ਨੂੰ ਸੁਣਕੇ ਮੇਰੀ ਵੀ ਰੂਹ ਕੰਬ ਗਈ। ਗਰੀਬੀ ਅਤੇ ਮਜਬੂਰੀ ਇਨਸਾਨ ਨੂੰ ਕੀ ਤੋਂ ਕੀ ਬਣਾ ਦਿੰਦੀਆਂ ਹਨ। ਉਥੇ ਔਲਾਦ ਦਾ ਦਰਦ ਵੀ ਦਰਦ ਨਹੀਂ ਲੱਗਦਾ।

**ਰਮੇਸ਼ ਸੇਠੀ ਬਾਦਲ**

## ਸਾਡੇ ਮਾਡਰਨ ਯੋਧੇ

ਜਦੋਂ ਅਸੀਂ ਛੋਟੇ ਹੁੰਦੇ ਸੀ।ਸਾਰਾ ਦਿਨ ਵਧੀਆ ਮੌਜ ਮਸਤੀ 'ਚ ਲੰਘਦਾ।ਸ਼ਾਮ ਦੀ ਰੋਟੀ ਕਦੇ ਖਾਧੀ ਹੁੰਦੀ ਤੇ ਕਦੇ ਖਾਣੀ ਹੁੰਦੀ।ਪਿੰਡ 'ਚ ਚੀਕ-ਚਿਹਾੜਾ ਜਾ ਪੈਣਾ।ਰੋਟੀ ਖਾਂਦੇ-ਖਾਂਦੇ ਵਿਚਾਲੇ ਛੱਡ ਕੇ ਛੱਤ ਤੇ ਜਾ ਚੜਨਾ।ਫੇਰ ਘੰਟਾ-ਅੱਧਾ ਘੰਟਾ ਲਾਈਵ ਸ਼ੋਅ ਚਲਦਾ।ਡਾਂਗ ਤੇ ਡਾਂਗ ਵੱਜਦੀ।ਗੰਡਾਸੇ ਦਾ ਉੱਕਿਆ ਵਾਰ ਕੰਧ 'ਚ ਵੱਜਦਾ।ਵੰਨ-ਸਵੰਨਾ ਗਾਲ-ਦੁੱਪੜ ਰੌਲਾ ਦੋ ਬੰਦਿਆਂ ਦਾ।ਦੋ ਸ਼ਰਾਬੀਆਂ ਦਾ।ਗਾਲਾਂ ਦਾ ਮੀਂਹ ਧੀਆਂ-ਭੈਣਾਂ ਤੇ ਵਰਦਾ।ਫੇਰ ਪਿੰਡ ਦੇ ਸਿਆਣੇ ਬੰਦੇ ਸਮਝਾ-ਬੁਝਾ ਕੇ ਘਰਾਂ ਨੂੰ ਤੋਰ ਦਿੰਦੇ।ਕੋਠਿਆਂ,ਛੱਤਾਂ ਤੋਂ ਉਤਰ ਕੇ ਲੋਕ ਫੇਰ ਰੋਟੀ ਦੁਆਲੇ ਹੋ ਜਾਂਦੇ ।ਜਿਵੇਂ ਕੁੱਝ ਵਾਪਰਿਆ ਹੀ ਨਾ ਹੋਵੇ।ਸਾਰਾ ਪਿੰਡ ਸੁਸਰੀ ਵਾਂਗ ਸੌਂ ਜਾਂਦਾ।ਸ਼ਕਤੀ ਵਾਲੇ ਪਾਣੀ ਦਾ ਕਾਰਾ ਤੜਕੇ ਸ਼ਰਮਸਾਰ ਕਰਦਾ।ਇੱਕ-ਦੋ ਦਿਨ ਕਿਸੇ ਦੇ ਮੱਥੇ ਨਾ ਲੱਗਦੇ।ਨਾ ਠਾਣਾ।ਨਾ ਕਚਹਿਰੀ।ਨੇ ਨਿੰਦਿਆ,ਨਾ ਚੁਗਲੀ।ਤੂੰ ਮੇਰਾ ਬਾਈ,ਮੈਂ ਤੇਰਾ ਬਾਈ।ਸਧਾਰਨ ਲੋਕਾਂ ਦੀ ਸਧਾਰਨ ਲੜਾਈ।

ਤੇਜਾ ਸਿਉਂ ਮਾਸਟਰ ਨੇ ਫੇਰ ਇੱਕ ਤਰਕ ਘੜਿਆ।ਕਹਿੰਦਾ ਦੇਖੋ ਲੋਕੋ!! ਕਿੰਨ੍ਹਾਂ ਫਰਕ ਐ?? ਲੋਕ ਪੁੱਛਦੇ ਮਾਸਟਰ ਜੀ ਕਾਹਦਾ??

ਕਾਹਦਾ -ਕੂਹਦਾ ਕਿਹੜਾ ?? ਪੜਿ ਆ-ਲਿਖਿਆ ਦਾ।ਇਲਾਕੇ ਦਾ।ਵਿੱਦਿਆ ਦਾ।ਮੈਂ ਲੁਧਿਆਣੇ ਵੱਲ ਗਿਆ।ਤੜਕੇ ਉੱਠ ਕੇ ਬਾਹਰ ਤੋਰਾ-ਫੇਰਾ ਕਰਨ ਦਾ ਮਨ ਹੋਇਆ।ਜਿਹੜਾ ਵੀ ਬੰਦਾ ਖੇਤ ਨੂੰ ਜਾਂਦਾ ਮਿਲੇ,ਹੱਥ 'ਚ ਖੇਤੀਬਾੜੀ ਆਲਿਆਂ ਦਾ ਰਸਾਲਾ।ਮੈਂ ਸੋਚਿਆ ਮਨਾ!!! ਬਹੁਤ ਫਰਕ ਐ।ਸਾਡੇ ਆਲੇ ਖੇਤ ਜਾਂਦੇ ਵੀ ਸੋਟੇ ਤੇ ਗੰਡਾਸਾ ਰੱਖਦੇ।ਅਸੀਂ ਇਹਨਾਂ ਤੋਂ ਬਹੁਤ ਪਿੱਛੇ ਨਾ ਹੋਏ??ਜੰਗਲੀ ਲੋਕ। ਜ਼ਮਾਨੇ ਨੇ ਕਰਵੱਟ ਬਦਲੀ।ਸਾਡੇ ਜਵਾਕ ਵੀ ਪੜ੍ਹਨ- ਲਿਖਣ ਲੱਗੇ।ਤਰੱਕੀਆਂ ਕਰਨ ਲੱਗੇ।ਲੋਕਾਂ ਨੇ ਸਾਡਾ ਤੁਖੱਲਸ਼ ਜੰਗਲੀ ਤੋਂ ਪਛੜੇ ਕਰ ਦਿੱਤਾ ।ਚੱਲੋ ਭਾਈ !।ਹੌਲੀ-ਹੌਲੀ ਫਰਕ ਪੈਂਦਾ,ਪੈ ਜਾਂਦੈ ।ਜਵਾਕ ਸਿਆਣੇ ਹੋ ਗਏ। ਪਰ ਸਿਆਣੇ ਲੋਕ , ਇਹ ਵੀ ਕਹਿੰਦੇ ਆ ਖੂਨ ਚੋਂ ਬੀਜ਼ ਨਾਸ਼ ਨੀ ਹੁੰਦਾ।ਗੰਡਾਸਿਆਂ,ਰੈਫਲਾਂ ਵਾਲੇ ਵੀ ਜ਼ਮਾਨੇ ਦੀ ਪੈੜ 'ਚ ਪੈੜ ਧਰਨ ਲੱਗੇ।ਪਿੰਡਾਂ ਚੋਂ ਲੜਾਈ ਝਗੜੇ ਖਤਮ ਹੋਣ ਲੱਗੇ।ਆ ਜਦੋਂ ਦੇ ਮਬੈਲ ਆਏ ਸਾਡੇ ਜਵਾਕਾਂ ਦਾ ਤਾਂ ਖੂਨ ਹੀ ਠੰਡਾ ਹੋ ਗਿਆ।ਬੁਰਾ ਨਾ ਮਨਾਇਓ। ਉਂ ਇੱਕ ਗੱਲੋਂ ਚੰਗਾ ਵੀ ਹੋਇਆ।ਭਲਾ ਸਾਡੇ ਪੁਰਖਿਆਂ ਨੇ ਲੜਾਈ, ਝਗੜਿਆਂ



**ਫਲੇਲ ਸਿੰਘ ਸਿੱਧੂ**

ਠਾਣਿਆਂ,ਕਚਹਿਰੀਆਂ ਚੋਂ ਸਿਵਾਏ ਖੱਜਲ-ਖੁਆਰੀ ਦੇ ਖੱਟਿਆ ਵੀ ਕੀ ਐ??

ਖੂਨ ਉਬਾਲੇ ਮਾਰਨ ਵਾਲੇ ਯੋਧਿਆਂ ਨੂੰ ਤੁਸੀਂ ਗਲੀਆਂ,ਸੱਥਾਂ,ਖੂਹਾਂ , ਟੋਭਿਆਂ, ਨੱਕਿਆਂ ਤੇਂ ਖੂਨ ਵਹਾਉਂਦੇ ਦੇਖਿਆ ਕਦੇ??ਨਹੀਂ ਨਾ।ਕਿਉਂ ਭਲਾ?? ਭਰਾਵੋ ਸਾਡੇ ਯੋਧਿਆਂ ਦੇ ਹੱਥ ਜਦੋਂ ਦਾ ਇਹ ਮਬੈਲ ਆਇਆ ਇਹ ਸਿਆਣੇ ਹੋ ਗਏ।ਹੁਣ ਤਾਂ ਉਹ ਗੱਲ ਹੋਈ ਪਈ ਆ,÷ ਧੀਏ ਗੱਲ ਸੁਣ,ਨੂੰਹੇ ਕੰਨ ਕਰ।÷ ਇਹ ਹੁਣ ਖੂਨੀ ਯੁੱਧ ਨਹੀਂ,ਸੀਤ ਯੁੱਧ ਲੜ੍ਹਦੇ ਆ।ਕਿਸੇ ਨੂੰ ਗੱਲ ਕਹਿਣੀ ਹੋਵੇ।ਗੁੱਸਾ-ਗਿਲ੍ਹਾ ਕੱਢਣਾ ਹੋਵੇ।ਇਹ ਹੱਥੋ-ਪਾਈ,ਲੜਾਈ, ਝਗੜੇ 'ਚ ਨਹੀਂ ਕਰਦੇ।ਹੁਣ ਇਹ ਆਪਣੇ ਵਿਰੋਧੀਆਂ ਵਿਰੁੱਧ ਵਟਸ ਐਪ ਤੇ ਸਟੇਟਸ ਪਾਉਂਦੇ ਐ ।ਕੋਈ ਫੇਸਬੁੱਕ ਤੇ ਸਟੋਰੀ ਨਾਲ ਬਦਲਾ ਲੈ ਰਿਹਾ ਹੈ।ਕੋਈ ਲੰਬੀ-ਚੌੜੀ ਪੋਸਟ ਲਿਖ ਧਰਦੈ।ਨਾਲੇ ਭਾਈ ਇਹ ਅਖੌਤ ਤਾਂ ਸਭ ਨੇ ਸੁਣੀ ਹੋਣੀ ਐ,ਜਿਨੂੰ ਪੱਦਿਆ ਸਰਦੈ,ਉਹਨੂੰ ਹੱ....ਦੀ ਕੀ ਲੋੜ੍ਹ ਐ।ਸਲਾਮ ਐ ਤੁਹਾਨੂੰ ਯੋਧਿਓ।ਸੋਸ਼ਲ ਮੀਡੀਆ ਆਲਾ ਸੀਤ ਯੁੱਧ ਜਾਰੀ ਰੱਖਿਓ।

## ਚਿੱਟਾ

ਪੰਜਾਬ ਨੂੰ ਘੁਣ ਬਣ ਚੰਬੜਿਆ ਚਿੱਟਾ
ਇਸ ਚੰਦਰੀ ਲਾਗ ਦਾ ਮੌਤ ਹੀ ਸਿੱਟਾ।

ਨੌਜਵਾਨੀ ਨੂੰ ਕੁਰਾਹੇ ਪਾ ਹੱਸਦੇ ਵੈਰੀ
ਮੌਤ ਨੱਚਾਉਂਦੇ ਨਜ਼ਰ ਮਾਰ ਕਹਿਰੀ।।

ਹੱਸਦੇ ਖੇਡਦੇ ਗੱਭਰੂ ਚਿੱਟੇ ਵਸ ਪੈ ਗਏ
ਖੇਡਦੇ ਸੀ ਕੌਡੀ ਕੈਸੇ ਚੰਦਰੇ ਝੱਸ ਪੈ ਗਏ।

ਪੰਜਾਬੀ ਮਾਰਦੇ ਸੀ ਦੰਡ ਜੁੱਸੇ ਰੱਖਦੇ ਚੰਡ
ਹੁਣ ਸ਼ਰੀਕਾਂ ਲਾ ਨਸ਼ਾ ਝਾਣ ਦਿੱਤੀ ਕੰਡ।।

ਮੂੰਹ ਹਨੇਰੇ ਉੱਠ ਗੁਰੂ ਘਰਾਂ ਨੂੰ ਸੀ ਜਾਂਦੇ
ਜਿੱਦੋਂ ਜਿੱਦੀ ਅੰਨੇ ਜ਼ੋਰ ਖੇਤ ਸੀ ਵਾਹੁੰਦੇ।

ਹੁਣ ਨਸ਼ਿਆਂ ਦੀ ਤੋਟ ਨਾਲ ਢੱਠਦੇ ਸਰੀਰ
ਨਸ਼ਾ ਨਾ ਟੁੱਟਣ ਦਿੰਦੇ ਭਾਵੇ ਵਿੱਕੇ ਜ਼ਮੀਰ।

ਕੈਸੀ ਪੰਜਾਬ ਨੂੰ ਲੱਗੀ ਨਸ਼ਿਆਂ ਦੀ ਅੱਗ
ਇਸ ਨੂੰ ਬੁਝਾਉਣ ਲਈ ਕਦੋਂ ਨਿਤਰੂ ਜੱਗ

ਇਹ ਬਣ ਹਨੇਰੀ ਬੁਝਾਵੇ ਨੌਜਵਾਨੀ ਦੀਵੇ
ਕੌਣ ਇਸਦਾ ਜ਼ਹਿਰ ਆਪਣੇ ਅੰਦਰ ਪੀਵੇ

ਰੱਬਾ ਤੇਰੇ ਦਰ ਤੇ ਐਸ ਪੀ ਕਰੇ ਅਰਦਾਸ
ਚਿੱਟੇ ਦੈਂਤ ਦੇ ਮੁਕਣ ਦੀ ਲਾ ਬੈਠਾ ਆਸ।।

**ਸੁਰਿੰਦਰਪਾਲ ਸਿੰਘ**
**ਸ੍ਰੀ ਅੰਮ੍ਰਿਤਸਰ ਸਾਹਿਬ।**

# ਭਗਤ ਕਬੀਰ ਜੀ ਦੇ ਸੰਦੇਸ਼ ਦਾ ਮੌਜੂਦਾ ਯੁੱਗ ਵਿਚ ਬੇਹੱਦ ਮਹੱਤਵ : ਕੈਬਨਿਟ ਮੰਤਰੀ ਮੋਹਿੰਦਰ ਭਗਤ

▲ 627ਵੇਂ ਪ੍ਰਕਾਸ਼ ਦਿਵਸ ਮੌਕੇ ਪੰਜਾਬ ਸਰਕਾਰ ਵੱਲੋਂ ਰਾਜ ਪੱਧਰੀ ਸਮਾਗਮ ▲ ਮੰਦਿਰ ਕਮੇਟੀ ਨੂੰ 25 ਲੱਖ ਰੁਪਏ ਦੇਣ ਦਾ ਕੀਤਾ ਐਲਾਨ

**ਜਲੰਧਰ**

ਭਗਤ ਕਬੀਰ ਜੀ ਮਹਾਨ ਸਮਾਜ ਸੁਧਾਰਕ ਸਨ, ਜਿਨ੍ਹਾਂ ਨੇ ਸਮੁੱਚੀ ਮਾਨਵਤਾ ਨੂੰ ਸੱਚ, ਪਿਆਰ, ਅਹਿੰਸਾ, ਸਦਾਚਾਰ ਅਤੇ ਭਾਈਚਾਰੇ ਦਾ ਸੰਦੇਸ਼ ਦਿੱਤਾ, ਜਿਸ ਦੀ ਮੌਜੂਦਾ ਪਦਾਰਥਵਾਦੀ ਯੁੱਗ ਵਿਚ ਬੇਹੱਦ ਮਹੱਤਤਾ ਹੈ। ਇਹ ਪ੍ਰਗਟਾਵਾ ਕੈਬਨਿਟ ਮੰਤਰੀ ਪੰਜਾਬ ਮੋਹਿੰਦਰ ਭਗਤ ਨੇ ਸਥਾਨਕ ਸਤਿਗੁਰੂ ਕਬੀਰ ਮੁੱਖ ਮੰਦਰ ਭਾਰਗਵ ਨਗਰ ਵਿਖੇ ਭਗਤ ਕਬੀਰ ਜੀ ਦੇ 627ਵੇਂ ਪ੍ਰਕਾਸ਼ ਦਿਵਸ ਮੌਕੇ ਪੰਜਾਬ ਸਰਕਾਰ ਵੱਲੋਂ ਕਰਵਾਏ ਗਏ ਰਾਜ ਪੱਧਰੀ ਸਮਾਗਮ ਦੌਰਾਨ ਵੱਡੀ ਗਿਣਤੀ ਵਿਚ ਜੁੜੀਆਂ ਸੰਗਤਾਂ ਨੂੰ ਮੁੱਖ ਮਹਿਮਾਨ ਵਜੋਂ ਸੰਬੋਧਨ ਕਰਦਿਆਂ ਕੀਤਾ। ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ, ਪੁਲਿਸ ਕਮਿਸ਼ਨਰ ਧੰਨਪ੍ਰੀਤ ਕੌਰ ਅਤੇ ਮੇਅਰ ਵਿਨੀਤ ਧੀਰ ਵੀ ਮੌਜੂਦ ਸਨ।







ਉਨ੍ਹਾਂ ਕਿਹਾ ਕਿ ਭਗਤ ਕਬੀਰ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਹਮੇਸ਼ਾ ਹੀ ਆਵਾਮ ਦਾ ਮਾਰਗ ਦਰਸ਼ਨ ਕਰਦੀ ਰਹੇਗੀ ਜੋ ਕਿ ਜਾਤ, ਨਸਲ ਅਤੇ ਧਰਮ ਤੋਂ ਉਪਰ ਉਠਣ ਦਾ ਸੁਨੇਹਾ ਦਿੰਦੀ ਹੈ। ਉਨ੍ਹਾਂ ਕਿਹਾ ਕਿ ਭਗਤ ਕਬੀਰ ਜੀ ਦਾ ਸਰਬ ਸਾਂਝੀਵਾਲਤਾ ਦਾ ਸੰਦੇਸ਼ ਘਰ-ਘਰ ਪਹੁੰਚਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਕਬੀਰ ਸਾਹਿਬ ਦੀ ਬਾਣੀ ਸਾਨੂੰ ਸ਼ੁੱਧ ਵਿਚਾਰਧਾਰਾ ਦਾ ਸੰਦੇਸ਼ ਦਿੰਦੀ ਹੈ ਜਿਸ ਤੋਂ ਸਿੱਖਿਆ ਲੈ ਕੇ ਅਸੀਂ ਆਪਣਾ ਜੀਵਨ ਸਫ਼ਲ ਕਰ ਸਕਦੇ ਹਾਂ। ਉਨ੍ਹਾਂ ਕਿਹਾ ਕਿ ਭਗਤ ਕਬੀਰ ਜੀ ਨੇ ਸਮਾਜ ਵਿਚ ਸਮਾਜਿਕ ਬੁਰਾਈਆਂ ਜਾਤੀ ਪ੍ਰਥਾ, ਛੂਤ-ਛਾਤ ਅਤੇ ਊਚ-ਨੀਚ ਦੇ ਖ਼ਾਤਮੇ ਲਈ ਲੰਬਾ ਸੰਘਰਸ਼ ਕੀਤਾ। ਸ੍ਰੀ ਭਗਤ ਨੇ ਕਿਹਾ ਕਿ ਉਹੀ ਕੌਮਾਂ ਹਮੇਸ਼ਾ ਅਗਾਂਹ ਵਧਦੀਆਂ ਅਤੇ ਤਰੱਕੀ ਕਰਦੀਆਂ ਹਨ, ਜਿਹੜੀਆਂ ਆਪਣੇ ਗੁਰੂਆਂ-ਪੀਰਾਂ ਨੂੰ ਯਾਦ ਰੱਖਦੀਆਂ ਹੋਈਆਂ ਹਮੇਸ਼ਾ ਉਨ੍ਹਾਂ ਦੇ ਪੂਰਨਿਆਂ 'ਤੇ ਚੱਲਦੀਆਂ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਭਗਤ ਕਬੀਰ ਜੀ ਸਮੇਤ ਸਾਰੇ ਧਰਮਾਂ ਦੇ ਗੁਰੂਆਂ-ਪੀਰਾਂ ਵੱਲੋਂ ਦਰਸਾਏ ਗਏ ਸਾਂਝੀਵਾਲਤਾ ਅਤੇ ਸਮਾਜਿਕ ਨਿਆਂ ਦੇ ਮਾਰਗ 'ਤੇ ਚਲਦਿਆਂ ਸਮੂਹ ਵਰਗਾਂ ਦੀ ਭਲਾਈ ਲਈ ਭਰਪੂਰ ਉਪਰਾਲੇ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਭਗਤ ਕਬੀਰ ਜੀ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਰਾਜ ਦੇ ਸਮਾਜਿਕ ਤੇ ਆਰਥਿਕ ਤੌਰ 'ਤੇ ਪੱਛੜੇ ਲੋਕਾਂ ਦਾ ਜੀਵਨ ਮਿਆਰ ਉੱਚਾ ਚੁੱਕਣ ਲਈ ਵਿਸ਼ੇਸ਼ ਸਕੀਮਾਂ ਹੋਂਦ ਵਿਚ ਲਿਆਂਦੀਆਂ ਗਈਆਂ ਹਨ। ਇਸ ਮੌਕੇ ਉਨ੍ਹਾਂ ਆਪਣੇ ਅਖਤਿਆਰੀ ਫੰਡ ਵਿਚੋਂ ਮੰਦਿਰ ਕਮੇਟੀ ਨੂੰ 25 ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਇਸ ਮੌਕੇ ਪ੍ਰਸਿੱਧ ਗਾਇਕ ਮਾਸ਼ਾ ਅਲੀ ਅਤੇ ਹੋਰਨਾਂ ਕਲਾਕਾਰਾਂ ਨੇ ਭਜਨਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਆਪ ਆਗੂ ਦਿਨੇਸ਼ ਢੱਲ, ਐਸ.ਡੀ.ਐਮ. ਜਲੰਧਰ-2 ਸ਼ਾਇਰੀ ਮਲਹੋਤਰਾ, ਤਹਿਸੀਲਦਾਰ ਪਰਵੀਨ ਕੁਮਾਰ ਸਿੰਗਲਾ, ਸਤਿਗੁਰੂ ਕਬੀਰ ਸਭਾ ਭਾਰਗਵ ਨਗਰ ਦੇ ਚੇਅਰਮੈਨ ਸਤੀਸ਼ ਭਗਤ ਬਿੱਲਾ, ਪ੍ਰਧਾਨ ਰਾਕੇਸ਼ ਕੁਮਾਰ ਭਗਤ, ਉੱਪ ਪ੍ਰਧਾਨ ਰਵੀ ਕੁਮਾਰ, ਕੈਸ਼ੀਅਰ ਦੁਸ਼ਿਅੰਤ ਭਗਤ, ਚੇਅਰਮੈਨ ਅੰਮ੍ਰਿਤਪਾਲ ਸਿੰਘ, ਸੰਜੀਵ ਭਗਤ, ਸੁਦੇਸ਼ ਭਗਤ, ਰਜਨੀਸ਼ ਚੱਢਾ, ਸ਼ੋਭਾ ਭਗਤ, ਅਜੇ ਅੱਜੂ, ਬਲਵਿੰਦਰ ਬਿੱਟੂ, ਸੋਮ ਨਾਥ, ਬੰਟੀ, ਅਜੇ ਨੰਨੂ, ਜਸਵੰਤ ਪੰਮਾ, ਦੀਪਕ, ਰਮਨ ਗੋਲੂ, ਅਸ਼ਵਨੀ ਬਿੱਟੂ, ਅਸ਼ਵਨੀ ਬੱਬੂ, ਬਲਦੇਵ ਰਾਜ, ਸੁਦੇਸ਼, ਸੌਰਵ ਸੇਠ, ਬਬਲੀ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਸ਼ਖਸੀਅਤਾਂ ਹਾਜ਼ਰ ਸਨ।

# ਈਸ਼ਵਰ ਨਗਰ ਮੰਦਿਰ ਚ ਕੇਕ ਕੱਟ ਕੇ ਧੂਮ ਧਾਮ ਨਾਲ ਮਨਾਇਆ ਸਤਿਗੁਰੂ ਕਬੀਰ ਮਹਾਰਾਜ ਜੀ ਦਾ ਪ੍ਰਕਾਸ਼ ਦਿਹਾੜਾ

▲ ਸਮਾਗਮ ਚ ਮੁੱਖ ਮਹਿਮਾਨ ਵਜੋਂ ਪਹੁੰਚੇ ਸਾਬਕਾ ਐਮਪੀ ਸੁਸ਼ੀਲ ਰਿੰਕੂ,ਚੇਅਰਮੈਨ ਸੁਭਾਸ਼ ਗੋਰੀਆ

▲ ਸਤਿਗੁਰੂ ਕਬੀਰ ਮਹਾਰਾਜ ਜੀ ਨੇ ਜਾਤ ਪਾਤ,ਧਰਮ ਅਤੇ ਊਚ-ਨੀਚ ਤੋਂ ਉੱਪਰ ਉੱਠ ਕੇ ਮਨੁੱਖਤਾ ਦੇ ਮਾਰਗ ਤੇ ਚੱਲਣ ਦੀ ਦਿੱਤੀ ਸਿੱਖਿਆ :- ਚੇਅਰਮੈਨ ਸੁਭਾਸ਼ ਗੋਰੀਆ

**ਅੰਮ੍ਰਿਤਸਰ**

ਮਹਾਨ ਕ੍ਰਾਂਤੀਕਾਰੀ, ਯੁੱਗ ਪੁਰਸ਼, ਸਮਾਜ ਵਿੱਚ ਵਹਿਮਾਂ-ਭਰਮਾਂ ਦਾ ਨਾਸ਼ ਕਰਨ ਵਾਲੇ ਇਨਕਲਾਬੀ ਸੰਤ ਸਤਿਗੁਰੂ ਕਬੀਰ ਮਹਾਰਾਜ ਜੀ ਦਾ 627ਵਾਂ ਪ੍ਰਕਾਸ਼ ਦਿਹਾੜਾ ਜਲੰਧਰ ਵੈਸਟ ਦੀ ਵਾਰਡ ਨੰਬਰ 51 ਚ ਸਤਿੱਥ ਸਤਿਗੁਰੂ ਕਬੀਰ ਮੰਦਿਰ ਵਿਖੇ ਮੰਦਿਰ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਬਹੁਤ ਹੀ ਉਤਸ਼ਾਹ ਅਤੇ ਸ਼ਰਧਾਪੂਰਵਕ ਜਨਮ ਦਿਹਾੜਾ ਮਨਾਇਆ ਗਿਆ।ਇਸ ਮੌਕੇ "ਸ਼੍ਰੀ ਅੰਮ੍ਰਿਤਬਾਣੀ" ਦੇ ਆਰੰਭੇ ਆਖੰਡ ਜਾਪਾਂ ਦੇ ਭੋਗ ਉਪੰਰਤ ਸਜੇ ਵਿਸ਼ਾਲ ਧਾਰਮਿਕ ਦੀਵਾਨ ਸਜੇ। ਸਮਾਗਮ ਚ ਮੁੱਖ ਮਹਿਮਾਨ ਵਜੋਂ ਸਾਬਕਾ ਸੰਸਦ ਸੁਸ਼ੀਲ ਰਿੰਕੂ,ਐਂਟੀ ਕ੍ਰਾਈਮ ਸਮਾਜ ਸੁਰੱਖਿਆ ਸੈਲ ਰਜਿ ਪੰਜਾਬ ਦੇ ਚੇਅਰਮੈਨ ਸੁਭਾਸ਼ ਗੋਰੀਆ,ਵਾਰਡ ਨੰਬਰ 51 ਤੋਂ ਇੰਚਾਰਜ ਪ੍ਰਵੀਨ ਗੋਰੀਆ,ਕੌਂਸਲਰ ਅਜੈ ਬੱਬਲ ਸ਼ਾਮਿਲ ਹੋਏ।ਇਸ ਮੌਕੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਚੇਅਰਮੈਨ ਸੁਭਾਸ਼ ਗੋਰੀਆ ਨੇ ਕਿਹਾ ਕਿ ਸਤਿਗੁਰੂ ਕਬੀਰ ਸਾਹਿਬ ਜੀ ਦੀ ਸਮੁੱਚੀ ਬਾਣੀ ਜਿਹੜੀ ਕਿ ਸਭ ਨੂੰ ਮੁਨੱਖਤਾ ਦਾ ਉਪਦੇਸ਼ ਦਿੰਦੀ ਹੈ, ਉੱਥੇ ਹੀ ਸਾਨੂੰ ਸਮਾਜ ਅੰਦਰ ਫੈਲ ਰਹੇ ਵਹਿਮਾਂ-ਭਰਮਾਂ ਦਾ ਡੱਟਵਾਂ ਵਿਰੋਧ ਕਰਨ ਲਈ ਵੀ ਪ੍ਰੇਰਦੀ ਹੈ।ਉਨ੍ਹਾਂ ਨੇ ਕਿਹਾ ਕਿ ਸਤਿਗੁਰਾਂ ਦੀ ਬਾਣੀ ਇਹ ਦਰਸਾਉਂਦੀ ਹੈ ਕਿ ਜਿਸ ਇਨਸਾਨ ਦੇ ਘਰ ਬੁੱਢੇ ਮਾਂ-ਬਾਪ ਸੇਵਾ ਦੁੱਖੋ ਦੁੱਖੀ ਹਨ ਅਤੇ ਉਹ ਇਨਸਾਨ ਧਾਰਮਿਕ ਅਸਥਾਨਾਂ ਉੱਤੇ ਜਾ-ਜਾ ਲੰਗਰ ਲਗਾਉਂਦਾ ਅਤੇ ਸੇਵਾ ਕਰਦਾ ਹੈ ਤਾਂ ਉਸ ਲਈ ਇਹ ਸਭ ਕੰਮ ਵਿਅਰਥ ਹਨ ਕਿਉਂਕਿ ਮਾਂ-ਬਾਪ ਦੀ ਸੇਵਾ ਤੋਂ ਵੱਡਾ ਕੋਈ ਦਾਨ-ਪੁੰਨ ਨਹੀ।ਇਸ ਮੌਕੇ ਸੋਨੂ ਭਗਤ ਪ੍ਰਧਾਨ ਤੇ ਸਮੂਹ ਪ੍ਰਬੰਧਕ ਕਮੇਟੀ ਨੇ ਸਾਂਝੇ ਤੌਰ 'ਤੇ ਕਿਹਾ ਕਿ ਸਾਨੂੰ ਸਤਿਗੁਰੂ ਕਬੀਰ ਸਾਹਿਬ ਜੀ ਦੀ ਬਾਣੀ ਤੋਂ ਸੇਧ ਲੈਕੇ ਆਪਣਾ ਲੋਕ ਸੁੱਖੀ ਅਤੇ ਪ੍ਰਲੋਕ ਸੁਹੇਲਾ ਕਰਨਾ ਚਾਹੀਦਾ ਹੈ।ਅਜਿਹੇ ਰਹਿਬਰ ਦੁਨੀਆਂ ਵਿੱਚ ਵਿਰਲੇ ਹੀ ਆਉਂਦੇ ਹਨ।ਅੰਤ ਵਿੱਚ ਸਤਿਗੁਰੁ ਕਬੀਰ ਮਹਾਰਾਜ ਜੀ ਦਾ ਚੇਅਰਮੈਨ ਸੁਭਾਸ਼ ਗੋਰੀਆ ਵਲੋਂ ਕੇਕ ਕੱਟ ਕੇ ਜਨਮ ਦਿਹਾੜਾ ਮਨਾਇਆ ਗਿਆ ਅਤੇ ਖੁਸ਼ੀ ਦਾ ਇਜ਼ਹਾਰ ਕੀਤਾ।ਇਸ ਮੌਕੇ ਪ੍ਰਬੰਧਕ ਕਮੇਟੀ ਵਲੋਂ ਮੁੱਖ ਮਹਿਮਾਨਾਂ ਨੂੰ ਸਰੋਪਾ ਭੇਟ ਕਰ ਸਨਮਾਨਿਤ ਵੀ ਕੀਤਾ ਗਿਆ।ਸੰਗਤਾਂ ਲਈ ਮਾਲ ਪੂੜਿਆ ਦੇ ਨਾਲ ਜਲੇਬ ਦੇ ਅਤੁੱਟ ਲੰਗਰ ਵੀ ਵਰਤਾਏ ਗਏ।ਇਸ ਮੌਕੇ ਵਿਕਾਸ ਭਗਤ ਸੋਨੁ,ਸੰਨੀ ਵਿਜ,ਅਮਿਤ,ਰਵੀ ਉਰਫ ਮੇਅਰ,ਪਾਲ,ਸੁਰਿੰਦਰ,ਰਜਿੰਦਰ,ਅਜੈ, ਭੂਸ਼ਨ,ਸ਼ੁਭਮ ਸਲਾਰਿਆ,ਜੱਗੀ,ਵਿੱਕੀ ਭਗਤ ਆਦਿ ਸੈਂਕੜਿਆਂ ਦੀ ਗਿਣਤੀ ਚ ਲੋਕ ਮਜੂਦ ਸਨ।





# ਵੇਰਕਾ ਦੀ ਵਾਰਡ ਨੰਬਰ 18 ਦੇ ਵਸਨੀਕ ਬਿਜਲੀ ਅਤੇ ਪਾਣੀ ਨੂੰ ਤਰਸੇ

ਮੁਸ਼ਕਿਲ ਹੱਲ ਨਾ ਕੀਤੀ ਤਾਂ ਸੜਕ ਤੇ ਲਗਾਵਾਂਗੇ ਜਾਮ-ਸੰਨੀ ਵੇਰਕਾ

**ਅੰਮ੍ਰਿਤਸਰ**

ਵਿਧਾਨ ਸਭਾ ਹਲਕਾ ਪੂਰਬੀ ਦੀ ਵਾਰਡ ਨੰਬਰ 18 ਦੇ ਇਲਾਕਾ ਗੁਰੂ ਨਗਰ ਵਿਖੇ ਪਿਛਲੇ ਤਿੰਨ ਚਾਰ ਦਿਨਾਂ ਤੋਂ ਲਾਈਟ ਨਾ ਆਉਣ ਕਾਰਨ ਲੋਕ ਪਾਣੀ ਅਤੇ ਬਿਜਲੀ ਨੂੰ ਤਰਸ ਰਹੇ ਹਨ। ਯੂਥ ਅਕਾਲੀ ਆਗੂ ਸੰਦੀਪ ਸਿੰਘ ਸੰਨੀ ਵੇਰਕਾ ਦੀ ਅਗਵਾਈ ਹੇਠ ਇਲਾਕਾ ਗੁਰੂ ਨਗਰ ਦੀਆਂ ਵਸਨੀਕਾਂ ਵੱਲੋਂ ਬਿਜਲੀ ਬੋਰਡ ਦੇ ਖਿਲਾਫ ਇਕ ਰੋਸ ਮੀਟਿੰਗ ਕੀਤੀ ਗਈ। ਉਨ੍ਹਾਂ ਕਿਹਾ ਕਿ ਬਿਜਲੀ ਬੋਰਡ ਦੇ ਜੇ.ਈ ਸੁਰਿੰਦਰ ਪਾਲ ਸਿੰਘ ਨੂੰ ਆਪਣੀ ਸਮੱਸਿਆ ਬਾਰੇ ਬਾਰ ਬਾਰ ਕਈ ਫੋਨ ਕੀਤੇ ਗਏ। ਪਰ ਉਹਨਾਂ ਵੱਲੋਂ ਕੋਈ ਵੀ ਫੋਨ ਤੇ ਸਾਨੂੰ ਜਵਾਬ ਨਹੀਂ ਦਿੱਤਾ ਗਿਆ ਅਤੇ ਨਾ ਹੀ ਸਾਡੀ ਕੋਈ ਮੁਸ਼ਕਿਲ ਦਾ ਹੱਲ ਹੋਇਆ ਅਸੀਂ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਅਤੇ ਐਕਸੀਅਨ ਸਾਹਿਬ ਨੂੰ ਅਪੀਲ ਕਰਦੇ ਹਾਂ ਕਿ ਪਹਿਲ ਦੇ ਆਧਾਰ ਤੇ ਆਬਾਦੀ ਗੁਰੂ ਨਗਰ ਦੀ ਵਸਨੀਕਾ ਦੀ ਸਮੱਸਿਆ ਨੂੰ ਹੱਲ ਕਰਵਾਇਆ ਜਾਵੇ ਨਹੀਂ ਤਾਂ ਵੱਡੇ ਪੱਧਰ ਤੇ ਬਿਜਲੀ ਬੋਰਡ ਦਫਤਰ ਦਾ ਘਿਰਾਓ ਕਰਾਂਗੇ ਅਤੇ ਲੋੜ ਪੈਣ ਤੇ ਸੜਕਾਂ ਵੀ ਜਾਮ ਕਰਾਂਗੇ। ਇਸ ਮੌਕੇ ਤੇ ਸੰਦੀਪ ਸਿੰਘ ਸੰਨੀ ਵੇਰਕਾ ਕੌਮੀ ਜਨਰਲ ਸਕੱਤਰ ਯੂਥ ਅਕਾਲੀ,ਜਗਰੂਪ ਸਿੰਘ ਸੈਫੀ,ਅਜੇ ਸ਼ਰਮਾ , ਦੀਪਕ ਸ਼ਰਮਾ,ਬਲਵਿੰਦਰ ਸਿੰਘ ਮਾਨ, ਅਭਿਸ਼ੇਕ ਅਗਨੀਹੋਤਰੀ,ਪੂਨਮ ਕੁਮਾਰੀ, ਸੋਨੀਆ ਕੁਮਾਰੀ, ਸ਼ਾਈਨਾ ਕੁਮਾਰੀ, ਜਸ ਵੇਰਕਾ, ਪ੍ਰਵੀਨ ਕੌਰ ਆਦਿ ਮੌਜੂਦ ਸਨ



# ਥਾਣਾ ਮੁਕੰਦਪੁਰ ਦੀ ਪੁਲਿਸ ਵੱਲੋਂ ਨਸ਼ੀਲੀਆਂ ਗੋਲੀਆਂ ਅਤੇ ਹੈਰੋਇਨ ਸਮੇਤ ਇੱਕ ਕਾਬੂ, ਮਾਮਲਾ ਦਰਜ-ਐਸ ਐਚ ਓ ਮਹਿੰਦਰ ਸਿੰਘ

**ਬੰਗਾ/ਜਗਦੀਸ਼ ਲਾਲ ਕਲਸੀ**

12 ਜੂਨ ਜਿਲਾ ਸ਼ਹੀਦ ਭਗਤ ਸਿੰਘ ਨਗਰ ਦੇ ਥਾਣਾ ਮੁਕੰਦਪੁਰ ਦੀ ਪੁਲਿਸ ਵੱਲੋਂ 49 ਖੁੱਲੀਆਂ ਨਸ਼ੀਲੀਆਂ ਗੋਲੀਆਂ ਅਤੇ 3.12 ਗ੍ਰਾਮ ਹੈਰੋਇਨ ਸਮੇਤ ਇੱਕ ਵਿਅਕਤੀ ਨੂੰ ਕਾਬੂ ਕੀਤਾ ਗਿਆ ਹੈ ਜਾਣਕਾਰੀ ਦਿੰਦਿਆਂ ਥਾਣਾ ਮੁਕੰਦਪੁਰ ਦੇ ਮੁੱਖ ਥਾਣਾ ਅਫਸਰ ਮਹਿੰਦਰ ਸਿੰਘ ਨੇ ਦੱਸਿਆ ਕਿ ਐਸਐਸਪੀ ਜਿਲਾ ਸ਼ਹੀਦ ਭਗਤ ਸਿੰਘ ਨਗਰ ਡਾਕਟਰ ਮਹਿਤਾਬ ਸਿੰਘ ਆਈਪੀਐਸ ਦੀਆਂ ਹਦਾਇਤਾਂ ਅਤੇ ਡੀਐਸਪੀ ਸਬ ਡਿਵੀਜ਼ਨ ਬੰਗਾ ਹਰਜੀਤ ਸਿੰਘ ਪੀਪੀਐਸ ਦੀ ਅਗਵਾਈ ਅਧੀਨ ਨਸ਼ਿਆਂ ਦੀ ਰੋਕਥਾਮ ਸਬੰਧੀ ਸ਼ੁਰੂ ਕੀਤੀ ਮੁਹਿੰਮ ਵਿੱਚ ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਦੇ ਥਾਣਾ ਮੁਕੰਦਪੁਰ ਦੀ ਪੁਲਿਸ ਨੂੰ ਉਸ ਸਮੇਂ ਭਾਰੀ ਸਫਲਤਾ ਪ੍ਰਾਪਤ ਹੋਈ ਜਦੋਂ ਸਬ ਇੰਸਪੈਕਟਰ ਰਾਮ ਲਾਲ ਥਾਣਾ ਮੁਕੰਦਪੁਰ ਸਮੇਤ ਪੁਲਿਸ ਪਾਰਟੀ ਗਸ਼ਤ ਬਾ ਚੈਕਿੰਗ ਸ਼ੱਕੀ ਵਿਅਕਤੀਆਂ ਤੇ ਸ਼ਿਫਟਿੰਗ ਨਾਕਾਬੰਦੀ ਦੇ ਸਬੰਧ ਵਿੱਚ ਮੁਕੰਦਪੁਰ ਤੋਂ ਜਗਤਪੁਰ ਹੋ ਕੇ ਟੀ ਪੁਆਇੰਟ ਤੋਂ ਲਿੱਦੜ ਕਲਾਂ ਵੱਲ ਮੁੜੇ ਹੀ ਸੀ ਕਿ ਇੱਕ ਮੋਨਾ ਆਦਮੀ ਸੜਕ ਦੇ ਕਿਨਾਰੇ ਮੋੜ ਤੇ ਖੜਾ ਦਿਖਾਈ ਦਿੱਤਾ ਜੋ ਪੁਲਿਸ ਦੀ ਗੱਡੀ ਦੇਖ ਪਛਾਅ ਨੂੰ ਮੁੜਨ ਲੱਗਾ ਜਿਸ ਨੂੰ ਕਾਬੂ ਕਰਕੇ ਨਾਮ ਪਤਾ ਪੁੱਛਿਆ ਤਾਂ ਉਸ ਨੇ ਆਪਣਾ ਨਾਮ ਪਰਮਿੰਦਰ ਕੁਮਰ ਉਰਫ ਬਾਬਾ ਪੁੱਤਰ ਧਰਮਪਾਲ ਵਾਸੀ ਔਜਲਾ ਢੱਕ ਥਾਣਾ ਗੁਰਾਇਆ ਜਿਲਾ ਜਲੰਧਰ ਦੱਸਿਆ ਜਿਸ ਪਾਸੋਂ 49 ਖੁੱਲੀਆਂ ਨਸ਼ੀਲੀਆਂ ਗੋਲੀਆਂ ਰੰਗ ਗੁਲਾਬੀ ਅਤੇ 3.12 ਗ੍ਰਾਮ ਹੈਰੋਇਨ ਬਰਾਮਦ ਹੋਈ ਜਿਸ ਤੇ ਮੁਕਦਮਾ ਨੰਬਰ 60 ਮਿਤੀ 11.6.2025 ਜੁਰਮ 21,22ਐਨ ਡੀ ਪੀ ਐਸ ਐਕਟ 1985 ਤਹਿਤ ਦਰਜ ਰਜਿਸਟਰਡ ਕਰਕੇ ਦੋਸ਼ੀ ਨੂੰ ਗ੍ਰਿਫਤਾਰ ਕੀਤਾ ਤੇ ਅਦਾਲਤ ਵਿੱਚ ਪੇਸ਼ ਕਰਨ ਉਪਰੰਤ ਰਿਮਾਂਡ ਹਾਸਿਲ ਕਰਕੇ ਇਹ ਦੋਸ਼ੀ ਕਿੱਥੋਂ ਨਸ਼ਾ ਲੈ ਕੇ ਆਉਂਦੇ ਹਨ ਉਸ ਸਬੰਧੀ ਅਗਲੀ ਤਫਤੀਸ਼ ਅਮਲ ਵਿੱਚ ਲਿਆਂਦੀ ਜਾਵੇਗੀ



# ਰੁੱਖ ਲਗਾਉਣ ਦੀ ਮੁਹਿੰਮ ਤਹਿਤ ਪਿੰਡ ਹੰਸਰੋਂ ਵਿਖੇ ਵੱਖ ਵੱਖ ਤਰਾਂ ਦੇ ਲਗਾਏ ਬੂਟੇ- ਸੀ.ਜੇ.ਐਮ-ਕਮ- ਸਕੱਤਰ ਡਾ.ਅਮਨਦੀਪ

ਹਰ ਮਨੁੱਖ ਲਾਵੇ ਇਕ ਰੁੱਖ ਅਤੇ "ਹਰ ਔਰ ਲੱਕੜਹਾਰੇ ਹੈ, ਫਿਰ ਭੀ ਪੇਡ ਕਹਾਂ ਹਾਰੇ ਹੈਂ"ਦਾ ਸੁਨੇਹਾ ਦਿਤਾ

**ਸ਼ਹੀਦ ਭਗਤ ਸਿੰਘ ਨਗਰ**

ਨੈਸ਼ਨਲ ਲੀਗਲ ਸਰਵਿਸਜ਼ ਅਥਾਰਟੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ. ਏ. ਐਸ. ਨਗਰ ਜੀਆਂ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਅਤੇ ਮਾਣਯੋਗ ਮਿਸ ਪ੍ਰਿਆ ਸੂਦ, ਜਿਲ੍ਹਾ ਅਤੇ ਸੈਸਨ ਜੱਜ-ਕਮ-ਚੇਅਰਮੈਨ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਜੀਆਂ ਦੇ ਹੁਕਮਾਂ ਤਹਿਤ ਮਾਣਯੋਗ ਡਾ. ਅਮਨਦੀਪ, ਸੀ.ਜੇ.ਐਮ-ਕਮ-ਸਕੱਤਰ ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ, ਸ.ਭ.ਸ ਨਗਰ ਜੀਆਂ ਵੱਲੋ ਮਿਤੀ 12.06.2025 ਨੂੰ ਰੁੱਖ ਲਗਾਉਣ ਦੀ ਮੁਹਿੰਮ ਤਹਿਤ ਪਿੰਡ ਹੰਸਰੋਂ ਵਿਖੇ ਵੱਖ ਵੱਖ ਤਰਾਂ ਦੇ ਬੂਟੇ ਲਗਾਏ ਗਏ । ਉਹਨਾਂ ਵੱਲੋ ਦੱਸਿਆ ਗਿਆ ਕਿ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ ਨਗਰ ਜੀਆ ਦੇ ਦਿਸ਼ਾ ਨਿਰਦੇਸ਼ਾ ਤਹਿਤ ਅਤੇ ਮਾਣਯੋਗ ਮਿਸ ਪ੍ਰਿਆ ਸੂਦ, ਜਿਲ੍ਹਾ ਅਤੇ ਸੈਸਨ ਜੱਜ-ਕਮ-ਚੇਅਰਮੈਨ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਜੀਆਂ ਦੇ ਹੁਕਮਾਂ ਤਹਿਤ ਦਫਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ.ਭ.ਸ ਨਗਰ ਦੇ ਪੈਰਾ ਲੀਗਲ ਵਲੰਟੀਅਰਜ਼ ਦੀਆਂ ਟੀਮਾ ਵੱਲੋ ਜ਼ਿਲ੍ਹੇ ਦੇ ਪਿੰਡਾ ਵਿੱਚ ਰੁੱਖ ਲਗਾਏ ਜਾ ਰਹੇ ਹਨ । ਇਸ ਤੋ ਇਲਾਵਾ ਉਹਨ੍ਹਾ ਵੱਲੋਂ ਦੱਸਿਆ ਗਿਆ ਕਿ ਵਾਤਾਵਰਣ ਦੀ ਸੰਭਾਲ ਕਰਨ ਦੀ ਜਿੰਮੇਵਾਰੀ ਸਾਡੀ ਸਾਰਿਆ ਦੀ ਹੈ ਇਸ ਕਰਕੇ ਸਾਨੂੰ ਸਾਰਿਆ ਨੂੰ ਵੱਧ ਤੋਂ ਵੱਧ ਰੁੱਖ ਲਗਾਏ ਜਾਣੇ ਚਾਹੀਦੇ ਹਨ । ਉਹਨਾਂ ਵੱਲੋ ਆਮ ਲੋਕਾਂ ਨੂੰ ਕਿਹਾ ਕਿ ਇਸ ਵਾਰ ਵੱਧ ਤੋਂ ਵੱਧ ਰੁੱਖ ਲਗਾਉਣ ਅਤੇ ਲਗਾਏ ਗਏ ਰੁੱਖ ਦੀ ਸਾਂਭ ਸੰਭਾਲ ਕਰਕੇ ਆਪਣਾ ਫਰਜ਼ ਨਿਭਾਉਣ । ਇਸ ਮੌਕੇ ਪੈਰਾ ਲੀਗਲ ਵਲੰਟੀਅਰ ਸ੍ਰੀ ਬਲਦੇਵ ਭਾਰਤੀ, ਮਿਸ ਸਿਮਰਜੋਤ, ਸ.ਜਰਨੈਲ ਸਿੰਘ ਅਤੇ ਸਮੂਹ ਪੰਚਾਇਤ ਮੈਬਰ , ਪਿੰਡ ਵਾਸੀ ਹਾਜ਼ਰ ਸਨ ।




# ਹੁਣ ਇੰਤਕਾਲ ਵਿੱਚ ਪਟਵਾਰੀ ਅੜਿਕੇ ਖੜੇ ਨਹੀਂ ਕਰਣਗੇ ,ਨਾ ਹੀ ਦੇਣੀ ਪਵੇਗੀ ਰਿਸ਼ਵਤ -ਅਮਨ ਅਰੋੜਾ

**ਅੰਮ੍ਰਿਤਸਰ**

ਪ੍ਰਸ਼ਾਸਨਿਕ ਸੁਧਾਰਾਂ ਬਾਰੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਅੱਜ ਪੰਜਾਬ ਸਰਕਾਰ ਵੱਲੋਂ ਲਾਂਚ ਕੀਤੀਆਂ ਗਈਆਂ ਮਾਲ ਵਿਭਾਗ ਦੀਆਂ ਸੇਵਾਵਾਂ ਦੀ ਪੰਜਾਬ ਵਾਸੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਰਾਜ ਵਿੱਚੋਂ ਭਰਿਸ਼ਟਾਚਾਰ ਦੇ ਖਾਤਮੇ ਲਈ ਇਹ ਕ੍ਰਾਂਤੀਕਾਰੀ ਕਦਮ ਸਿੱਧ ਹੋਵੇਗਾ। ਪ੍ਰੈਸ ਨਾਲ ਗੱਲਬਾਤ ਕਰਦਿਆਂ ਉਹਨਾਂ ਦੱਸਿਆ ਕਿ ਹੁਣ ਜਮੀਨ ਜਾਇਦਾਦ ਦੀ ਜਮਾਂਬੰਦੀ, ਇੰਤਕਾਲ, ਫਰਦ ਬਦਰ ਆਦਿ ਲਈ ਲੋਕਾਂ ਨੂੰ ਦਫਤਰਾਂ ਦੇ ਗੇੜੇ ਨਹੀਂ ਲਾਉਣੇ ਪੈਣਗੇ, ਸਗੋਂ ਉਹ ਇੱਕ ਕਲਿੱਕ ਉੱਤੇ ਹੀ ਇਹ ਕੰਮ ਆਪਣੇ ਮੋਬਾਈਲ ਤੋਂ ਕਰ ਸਕਣਗੇ। ਉਹਨਾਂ ਕਿਹਾ ਕਿ ਅੱਜ ਆਮ ਲੋਕਾਂ ਨਾਲ ਜੁੜੀਆਂ ਸੇਵਾਵਾਂ ਨੂੰ ਆਨਲਾਈਨ ਕੀਤਾ ਗਿਆ ਹੈ ਅਤੇ ਇਹ ਸਾਰੀਆਂ ਸੇਵਾਵਾਂ ਇਜੀ ਜਮਾਬੰਦੀ ਦੀ ਵੈਬਸਾਈਟ ਤੋਂ ਪ੍ਰਾਪਤ ਕੀਤੀਆਂ ਜਾ ਸਕਣਗੀਆਂ ਜਾਂ 1076 ਫੋਨ ਨੰਬਰ ਡਾਇਲ ਕਰਕੇ ਤੁਸੀਂ ਘਰ ਬੈਠੇ ਇਹ ਸੇਵਾ ਪ੍ਰਾਪਤ ਕਰ ਸਕਦੇ ਹੋ। ਉਹਨਾਂ ਕਿਹਾ ਕਿ ਇਸ ਵੇਲੇ ਪੰਜਾਬ ਵਿੱਚ ਤਕਰੀਬਨ 40 ਲੱਖ ਲੋਕ ਫਰਦ ਦੀ ਕਾਪੀ ਲੈਣ ਲਈ ਫਰਦ ਕੇਂਦਰਾਂ ਵਿੱਚ ਜਾਂਦੇ ਹਨ ਅਤੇ ਇਸ ਲਈ 45 ਕਰੋੜ ਰੁਪਏ ਫੀਸ ਵਜੋਂ ਦਿੰਦੇ ਹਨ, ਜਦ ਕਿ ਹੁਣ ਇਹ ਕੰਮ ਮੋਬਾਇਲ ਫੋਨ ਰਾਹੀਂ ਹੋ ਸਕੇਗਾ ਅਤੇ ਇਸ ਨਾਲ ਪੰਜਾਬੀਆਂ ਦੇ ਲਗਭਗ 22 ਕਰੋੜ ਤੋਂ ਵੱਧ ਦੇ ਪੈਸੇ ਬਚਣਗੇ। ਇਸ ਤੋਂ ਇਲਾਵਾ ਨਾ ਪਟਵਾਰੀ ਕੋਲ ਜਾਣ ਦੀ ਲੋੜ ਪਵੇਗੀ, ਨਾ ਲਾਈਨ ਵਿੱਚ ਲੱਗਣ ਦੀ ਅਤੇ ਨਾ ਹੀ ਰਿਸ਼ਵਤ ਦੇਣ ਦੀ। ਉਹਨਾਂ ਦੱਸਿਆ ਕਿ ਇਸੇ ਤਰ੍ਹਾਂ ਹਰ ਸਾਲ ਪੰਜਾਬ ਵਿੱਚ 8 ਲੱਖ ਦੇ ਕਰੀਬ ਇੰਤਕਾਲ ਹੁੰਦੇ ਹਨ, ਜਿੰਨਾਂ ਵਿੱਚੋਂ 6 ਲੱਖ ਇੰਤਕਾਲ ਰਜਿਸਟਰੀਆਂ ਦੇ ਅਤੇ 2 ਲੱਖ ਵਿਰਾਸਤੀ ਇੰਤਕਾਲ ਹੋ ਜਾਂਦੇ ਹਨ। ਇਹ ਇੰਤਕਾਲ ਕਰਵਾਉਣ ਲਈ ਅਕਸਰ ਲੋਕ ਕਈ ਮਹੀਨੇ ਧੱਕੇ ਖਾਂਦੇ ਸਨ ਪਰ ਹੁਣ ਨਾ ਇੰਤਕਾਲ ਵਿੱਚ ਪਟਵਾਰੀ ਅੜਿਕਾ ਖੜਾ ਕਰ ਸਕੇਗਾ ਅਤੇ ਨਾ ਹੀ ਰਿਸ਼ਵਤ ਦੇਣੀ ਪਵੇਗੀ। ਇੰਤਕਾਲ ਦਾ ਸਾਰਾ ਕੰਮ ਪਾਰਦਰਸ਼ੀ ਹੋਵੇਗਾ ਅਤੇ ਇਸ ਨੂੰ 30 ਦਿਨਾਂ ਵਿੱਚ ਪੂਰਾ ਕੀਤਾ ਜਾਵੇਗਾ। ਉਹਨਾਂ ਦੱਸਿਆ ਕਿ ਇਸ ਤੋਂ ਇਲਾਵਾ ਰਪਟ ਐਂਟਰੀ ਲਈ ਹੁਣ ਕੋਈ ਕਾਗਜ਼ੀ ਕਾਰਵਾਈ ਕਰਨ ਜਾਂ ਦਫਤਰਾਂ ਦੇ ਧੱਕੇ ਖਾਣ ਦੀ ਲੋੜ ਨਹੀ। ਤੁਹਾਡਾ ਕੇਸ ਡਿਜੀਟਲ ਤੌਰ ਤੇ ਪਟਵਾਰੀ ਤੋਂ ਲੈ ਕੇ ਤਹਿਸੀਲਦਾਰ ਕੋਲ ਜਾਵੇਗਾ ਅਤੇ ਤੁਹਾਨੂੰ ਵਟਸਐਪ ਉੱਤੇ ਪਲ ਪਲ ਦੀ ਜਾਣਕਾਰੀ ਮਿਲੇਗੀ। ਇਸੇ ਤਰ੍ਹਾਂ ਫਰਦ ਬਦਰ ਦੀ ਸੇਵਾ ਆਨਲਾਈਨ ਕਰ ਦਿੱਤੀ ਗਈ ਹੈ ਅਤੇ ਮਾਲ ਰਿਕਾਰਡ ਵਿੱਚ ਤਰੁਟੀਆਂ ਆਸਾਨੀ ਨਾਲ ਦੂਰ ਹੋਣਗੀਆਂ। ਉਹਨਾਂ ਦੱਸਿਆ ਕਿ ਇਸ ਤੋਂ ਇਲਾਵਾ ਕੋਈ ਵੀ ਨਾਗਰਿਕ ਸਾਲ ਦੇ 500 ਰੁਪਏ ਫੀਸ ਦੇ ਕੇ ਆਪਣੀ ਖੇਵਟ ਦੀ ਰਿਕਾਰਡ ਲਈ ਸਬਸਕ੍ਰਿਪਸ਼ਨ ਲੈ ਸਕਦਾ ਹੈ ਅਤੇ ਉਹ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਹੋਵੇ, ਜਦੋਂ ਵੀ ਉਸਦੀ ਖੇਵਟ ਨਾਲ ਕੋਈ ਛੇੜ ਛਾੜ ਕਰਨ ਦੀ ਕੋਸ਼ਿਸ਼ ਕਰੇਗਾ ਤਾਂ ਉਸਨੂੰ ਵਟਸਐਪ ਨੰਬਰ ਜਾਂ ਈਮੇਲ ਉੱਤੇ ਅਲਰਟ ਜਾਵੇਗਾ। ਇਸ ਮੌਕੇ ਮਾਲ ਵਿਭਾਗ ਦੇ ਮੰਤਰੀ ਹਰਦੀਪ ਸਿੰਘ ਮੁੰਡੀਆ ਨੇ ਇਨਾਂ ਕਦਮਾਂ ਨੂੰ ਆਮ ਆਦਮੀ ਪਾਰਟੀ ਦੀ ਭ੍ਰਿਸ਼ਟਾਚਾਰ ਵਿਰੋਧੀ ਅਤੇ ਲੋਕ ਪੱਖੀ ਸੋਚ ਦਾ ਨਤੀਜਾ ਦੱਸਦੇ ਇਸ ਇਤਿਹਾਸਿਕ ਮੌਕੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਦਾ ਵਿਸ਼ੇਸ਼ ਧੰਨਵਾਦ ਕੀਤਾ। ਪ੍ਰੈਸ ਕਾਨਫਰੰਸ ਵਿੱਚ ਇਸ ਮੌਕੇ ਉਹਨਾਂ ਨਾਲ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ, ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ, ਵਧੀਕ ਮੁੱਖ ਸਕੱਤਰ ਅਨੁਰਾਗ ਵਰਮਾ, ਸਕੱਤਰ ਮਾਲ ਵਿਭਾਗ ਸੋਨਾਲੀ ਗਿਰੀ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।



# ਜੈ ਮਲਾਪ ਲੈਬੋਰਟਰੀ ਐਸੋਸੀਏਸ਼ਨ ਦੀ ਸਰਬ ਸੰਮਤੀ ਨਾਲ ਚੋਣ,ਅਰਜੁਨ ਸਿੰਘ ਪ੍ਰਧਾਨ ਬਣੇ

**ਕਪੂਰਥਲਾ/ਸੁਖੀਜਾ**

ਜੈ ਮਲਾਪ ਲੈਬੋਰਟਰੀ ਐਸੋਸੀਏਸ਼ਨ ਦੀ ਅੱਜ ਲੋਕਲ ਬਲਾਕ ਕਪੂਰਥਲਾ ਦੀ ਮੀਟਿੰਗ ਹੋਟਲ ਰਮਨੀਕ ਵਿੱਚ ਰੱਖੀ ਗਈ ਜਿਸ ਵਿੱਚ ਕਪੂਰਥਲਾ ਲੋਕਲ ਬਲਾਕ ਦੀ ਨਵੀ ਕੋਰ ਕਮੇਟੀ ਦੀ ਚੋਣ ਕੀਤੀ ਗਈ। ਇਸ ਚੋਣ ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਸੂਬਾ ਕੈਸ਼ੀਅਰ ਸੁਰਜੀਤ ਸਿੰਘ ਚੰਦੀ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਇਹ ਚੋਣ ਪ੍ਰਕਿਰਿਆ ਜ਼ਿਲਾ ਪ੍ਰਧਾਨ ਅਮਨਜੋਤ ਸਿੰਘ ਵਾਲੀਆ ਜਿਲਾ ਏਸ਼ੀਅਰ ਰਮੇਸ਼ ਲਾਲ ਲੋਕਲ ਬਲਾਕ ਦੇ ਚੇਅਰਮੈਨ ਅਭਿਸ਼ੇਕ ਅਮਨ ਦੀ ਨਿਗਰਾਨੀ ਹੇਠ ਮੁਕੰਮਲ ਹੋਈ। ਜਿਸ ਵਿੱਚ ਸਰਵਸੰਮਤੀ ਨਾਲ ਕੋਰ ਕਮੇਟੀ ਨੂੰ ਦੋਬਾਰਾ ਚੁਣਿਆ ਗਿਆ। ਅਭਿਸ਼ੇਕ ਨੂੰ



ਚੇਅਰਮੈਨ, ਅਰਜੁਨ ਸਿੰਘ ਨੂੰ ਪ੍ਰਧਾਨ, ਅਖਿਲ ਕੋੜਾ ਨੂੰ ਸੈਕਟਰੀ, ਅਸ਼ੋਕ ਕੁਮਾਰ ਨੂੰ ਕੈਸ਼ੀਅਰ, ਬਲਵੀਰ ਸਿੰਘ ਨੂੰ ਉਪ ਚੇਅਰਮੈਨ, ਵਿਧਾਨ ਰੋਏ ਉਪ ਪ੍ਰਧਾਨ ਤੇ ਪਰਮਜੀਤ ਸਿੰਘ ਨੂੰ ਜੋਆਇੰਟ ਸੈਕ੍ਰੇਟਰੀ ਚੁਣਿਆ ਗਿਆ। ਇਸ ਮੌਕੇ ਜ਼ਿਲਾ ਪ੍ਰਧਾਨ ਅਮਨਜੋਤ ਸਿੰਘ ਵਾਲੀਆ ਅਤੇ ਹੋਰਾਂ ਨੇ ਸਰਬ ਸੰਮਤੀ ਨਾਲ ਚੁਣੀ ਗਈ ਬਲਾਕ ਕਪੂਰਥਲਾ ਕਮੇਟੀ ਨੂੰ ਵਧਾਈ ਦਿੱਤੀ। ਬਲਾਕ ਕਪੂਰਥਲਾ ਦੇ ਪ੍ਰਧਾਨ ਅਰਜੁਨ ਸਿੰਘ ਨੇ ਭਰੋਸਾ ਦਵਾਇਆ ਕਿ ਉਹ ਆਪਣੀ ਐਸੋਸੀਏਸ਼ਨ ਦੀ ਤਰੱਕੀ ਲਈ ਹਮੇਸ਼ਾ ਕਮੇਟੀ ਮੈਂਬਰਾਂ ਦੇ ਨਾਲ ਕੰਮ ਕਰਨਗੇ ਅਤੇ ਐਸੋਸੀਏਸ਼ਨ ਨੂੰ ਹੋਰ ਮਜਬੂਤ ਕਰਨਗੇ।

# ਕਿਸਾਨ ਜਥੇਬੰਦੀ ਦਾ ਜੁਝਾਰੂ ਕਿਸਾਨ ਆਗੂ ਕਸ਼ਮੀਰ ਸਿੰਘ ਵਿਛੋੜਾ ਦੇ ਗਏ : ਲਾਲਪੁਰਾ

**ਫਤਿਆਬਾਦ / ਹੀਰਾ ਸਿੰਘ ਸੇਠੀ**

ਬਹੁਤ ਹੀ ਦੁਖਦਾਇਕ ਘਟਨਾ ਅਨੁਸਾਰ ਪਿੰਡ ਲਾਲਪੁਰਾ ਦੀ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਇਕਾਈ ਦੇ ਸਹਿਯੋਗੀ ਆਗੂ ਸ ਕਸ਼ਮੀਰ ਸਿੰਘ ਪੇਲੇਸ ਵਾਲੇ ਸਵੇਰ ਸਾਰ ਅਕਾਲ ਚਲਾਣਾ ਕਰ ਗਏ ਜਿਨ੍ਹਾਂ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਇਸ ਮੌਕੇ ਤੇ ਜਥੇਬੰਦੀ ਦੇ ਜੋਨ ਕੋਰ ਕਮੇਟੀ ਦੇ ਆਗੂਆਂ ਪਾਖਰ ਸਿੰਘ ਲਾਲਪੁਰ ਤੋ ਇਲਾਵਾ ਗੁਲਜ਼ਾਰ ਸਿੰਘ ਮੀਆਂਵਿੰਡ,

ਗੁਰਵਿੰਦਰ ਸਿੰਘ ਕੋਟਲੀ, ਗੁਰਵਿੰਦਰ ਸਿੰਘ ਗੋਰਾ ਮੀਆਂਵਿੰਡ, ਰਾਜਬੀਰ ਸਿੰਘ ਨਾਗੋਕੇ,ਇਕਾਈ ਆਲੋਵਾਲ ਦੇ ਆਗੂ ਸਹਿਬਾਨ,ਗੁਰਦੀਪ ਸਿੰਘ ਗਿੱਲ ਕਲੇਰ, ਜਗਦੀਸ ਸਿੰਘ ਝੰਡੇਰ ਕਸ਼ਮੀਰ ਸਿੰਘ ਦੇ ਛੋਟੇ ਭਰਾਤਾ ਅਤੇ ਪ੍ਰਵਾਰਿਕ ਮੈਂਬਰਾਂ



ਨਾਲ ਦੁਖ ਵਿਆਕਤ ਕੀਤਾ ਅਤੇ ਸ ਕਸ਼ਮੀਰ ਸਿੰਘ ਵੱਲੋਂ ਵੱਖ ਵੱਖ ਕਿਸਾਨੀ ਮੋਰਚਿਆਂ ਚ ਵੱਧ ਚੜ੍ਹ ਕੇ ਪਾਏ ਯੋਗਦਾਨ ਨੂੰ ਚੇਤੇ ਕਰਦਿਆਂ ਕਿਹਾ ਕਿ ਸਾਡੇ ਇਕ ਸਾਥੀ ਦੇ ਚਲੇ ਜਾਣ ਨਾਲ ਜਿਥੇ ਪ੍ਰੀਵਾਰ ਨੂੰ ਬਹੁਤ ਵੱਡੀ ਘਾਟ ਆਈ ਉਥੇ ਜਥੇਬੰਦੀ ਨੂੰ ਵੀ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ । ਉਨ੍ਹਾਂ ਵਾਹਿਗੁਰੂ ਜੀ ਅੱਗੇ ਅਰਦਾਸ ਕੀਤੀ ਕਿ ਵਿਛੜੀ ਹੋਈ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸਣ,ਇਹ ਮੌਕੇ ਤੇ ਇਕਾਈ ਪਰਧਾਨ ਰਣਜੀਤ ਸਿੰਘ, ਹਰਪਾਲ ਸਿੰਘ, ਹਰਜਿੰਦਰ ਸਿੰਘ, ਸੁਰਜੀਤ ਸਿੰਘ, ਲੱਖਾਂ ਸਿੰਘ, ਗੁਰਪਰੀਤ ਸਿੰਘ ਅਤੇ ਹੋਰ ਹਾਜਰ ਸਨ।

# ਕੌਮੀ ਕਿਸਾਨ ਯੂਨੀਅਨ ਵਲੋਂ ਕੁਝ ਅਹਿਮ ਫੈਸਲੇ ਕੀਤੇ

**ਫਤਿਆਬਾਦ / ਹੀਰਾ ਸਿੰਘ ਸੇਠੀ**

ਪੰਜਾਬ ਵਿਚ ਟੋਲ ਪਲਾਜ਼ੇ ਵਾਲਿਆ ਨੇ 20 ਕਿਲੋਮੀਟਰ ਅੰਦਰ ਆਉਦੇ ਪਿੰਡਾ ਦੇ ਲੋਕਾਂ ਨੂੰ ਟੋਲ ਫਰੀ ਕੀਤਾ ਗਿਆ ਹੈ ਅਤੇ ਕਿਸਾਨ ਯੂਨੀਅਨ ਵਾਲਿਆ ਨੂੰ ਪਾਸ ਬਣਾ ਕੇ ਦਿਤੇ ਹਨ ਪਰ ਕੁਝ ਦਿਨਾਂ ਤੋਂ ਟੋਲ ਪਲਾਜ਼ਿਆ ਵਲੋਂ ਆਪਣੇ ਤੌਰ ਤੇ ਮਨਮਾਨੀਆਂ ਕਰਨੀਆਂ ਸ਼ੁਰੂ ਕੀਤੀਆਂ ਹੋਈਆ ਹਨ ਜਿਸਦਾ ਨੋਟਿਸ ਲੈਦਿਆਂ ਕੌਮੀ ਕਿਸਾਨ ਯੂਨੀਅਨ ਵਲੋਂ ਪਿਛਲੇ ਦਿਨੀਂ ਕੁਝ ਅਹਿਮ ਫੈਸਲੇ ਲਏ ਸਨ। ਜਿਸ ਬਾਰੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਕੌਮੀ ਕਿਸਾਨ ਯੂਨੀਅਨ ਦੇ ਜਿਲ੍ਹਾ ਪ੍ਰਧਾਨ ਸ ਤਰਸੇਮ ਸਿੰਘ ਫੌਜੀ ਲੁਹਾਰ ਨੇ ਦੱਸਿਆ ਕਿ ਪਿਛਲੇ ਦਿਨੀ ਅਸੀ ਹਮਖਿਆਲੀ ਜਥੇਬੰਦੀਆਂ ਅਤੇ ਯੂਨੀਅਨਾਂ ਨੂੰ ਨਾਲ ਲੈ ਕੇ ਉਸਮਾ ਟੋਲ ਪਲਾਜ਼ਾ ਵਿਖੇ ਮੈਨੇਜਰ ਨਾਲ ਮੁਲਾਕਾਤ ਕੀਤੀ ਜਿਥੇ ਉਨਾ ਨੂੰ ਕਿਸਾਨ ਯੂਨੀਅਨਾਂ ਦੇ ਆਗੂਆਂ ਨੂੰ ਉਨਾ ਵਲੋਂ ਜਾਣਬੁਝ ਕੇ ਖੱਜਲ ਖੁਆਰ ਕੀਤਾ ਜਾ ਰਿਹਾ ਹੈ ਅਤੇ 20 ਕਿਲੋਮੀਟਰ ਦੇ



ਅੰਦਰ ਆਉਦੇ ਪਿੰਡਾ ਦੇ ਲੋਕਾਂ ਨੂੰ ਆਪਣੀ ਪਹਿਚਾਨ ਦਿਖਾਉਣ ਤੇ ਕੋਈ ਟੋਲ ਪਲਾਜ਼ਾ ਫੀਸ ਨਹੀਂ ਭਰਨੀ ਪਵੇਗੀ। ਇਸ ਬਾਰੇ ਜਿਲ੍ਹਾ ਪ੍ਰਧਾਨ ਤਰਸੇਮ ਸਿੰਘ ਫੌਜੀ ਲੁਹਾਰ ਨੇ ਦੱਸਿਆ ਕਿ ਟੋਲ ਪਲਾਜ਼ਾ ਦੇ ਮੈਨੇਜਰ ਨੇ ਕਿਸਾਨ ਆਗੂਆਂ ਦੀ ਸਾਰੀਆਂ ਮੰਗਾ ਲਾਗੂ ਕਰਨ ਦਾ ਭਰੋਸਾ ਦਿੱਤਾ ਅਤੇ ਆਪਣੇ ਸਟਾਫ ਨੂੰ ਮੌਕੇ ਤੇ ਆਦੇਸ਼ ਜਾਰੀ ਕੀਤੇ ਕਿ ਜਥੇਬੰਦੀਆਂ ਦੇ ਆਗੂਆਂ ਨੂੰ ਬਿਨਾ ਵਜਾਹ ਖੱਜਲ ਖੁਆਰ ਨਹੀਂ ਕੀਤਾ ਜਾਵੇਗਾ। ਬਰਸ਼ਤੇ ਕਿ ਉਨਾ ਕੋਲ ਆਪਣੀ ਜਥੇਬੰਦੀ ਦਾ ਪਛਾਣ ਪੱਤਰ ਹੋਣਾ ਚਾਹੀਦਾ ਹੈ।

# ਪਿੰਗਲਵਾੜਾ ਸੰਸਥਾ ਵਲੋਂ ਭਗਤ ਪੂਰਨ ਸਿੰਘ ਜੀ ਦੇ 121ਵੇਂ ਜ਼ਨਮ ਦਿਨ ਮੌਕੇ ਸਮਾਜਸੇਵੀ ਇੰਜ ਦਲਜੀਤ ਸਿੰਘ ਕੋਹਲੀ ਨੂੰ ਕੀਤਾ ਗਿਆ ਸਨਮਾਨਿਤ :ਇੰਜ ਗੁਰਦਿਆਲ ਸਿੰਘ

**ਅੰਮ੍ਰਿਤਸਰ**

ਸ੍ਰੀ ਗੁਰੂ ਰਾਮਦਾਸ ਜੀ ਦੀ ਕਿਰਪਾ ਸਦਕਾ ਪਿੰਗਲਵਾੜਾ ਸੰਸਥਾ ਦੇ ਸੰਸਥਾਪਕ ਭਗਤ ਪੂਰਨ ਸਿੰਘ ਜੀ ਦੇ 121 ਜਨਮ ਦਿਵਸ ਮੌਕੇ ਸਮਾਜਸੇਵੀ ਇੰਜ ਦਲਜੀਤ ਸਿੰਘ ਕੋਹਲੀ ਨੂੰ ਵਾਤਾਵਰਣ ਸੰਭਾਲ ਲਈ, ਅਮ੍ਰਿਤਸਰ ਵਿੱਚ ਅਤੇ ਇਸ ਦੇ ਆਲੇ ਦੁਆਲੇ 29 ਮਿੰਨੀ ਜੰਗਲ ਲਗਵਾਉਣ ਅਤੇ ਧਰਤੀ ਹੇਠਲੇ ਪਾਣੀ ਦੀ ਸਾਂਭ-ਸੰਭਾਲ ਲਈ ਕੀਤੇ ਗਏ ਸਾਰਥਕ ਯਤਨਾਂ ਵਾਸਤੇ ਪਿੰਗਲਵਾੜਾ ਸੰਸਥਾ ਵਲੋਂ ਉਨ੍ਹਾਂ ਨੂੰ ਸਿਰਪਾਉ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

ਇੰਜ ਦਲਜੀਤ ਸਿੰਘ ਕੋਹਲੀ ਨੇ ਦੱਸਿਆ ਕਿ ਮਿਤੀ 6/6/25 ਨੂੰ ਵਿਸ਼ਵ ਵਾਤਾਵਰਣ ਦਿਵਸ ਮਨਾਇਆ ਗਿਆ ।

ਉਹਨਾਂ ਵੱਲੋਂ ਕਿਹਾ ਗਿਆ ਕਿ ਪ੍ਰਮਾਤਮਾ ਨੇ ਸਾਨੂੰ ਜਿੰਦਾ ਰਹਿਣ ਲਈ ਪੇੜ ਪੌਦੇ, ਪਾਣੀ, ਹਵਾ ਅਤੇ ਧਰਤੀ ਦਾ ਅਨਮੋਲ ਖ਼ਜ਼ਾਨਾ ਮੁਫ਼ਤ ਦਿੱਤਾ ਹੈ ਅਸੀਂ ਪੇੜ ਪੌਦਿਆਂ ਤੋਂ ਆਪਣਾ ਭੋਜਨ ਲੈ ਕੇ, ਨਿਰਮਲ ਜਲ ਪੀ ਕੇ ਅਤੇ



ਰੁੱਖਾਂ ਤੋਂ ਸ਼ੁੱਧ ਆਕਸੀਜਨ ਲੈ ਕੇ ਇਸ ਧਰਤੀ ਮਾਂ ਦੀ ਗੋਦ ਵਿੱਚ ਸੁਖੀ ਜੀਵਨ ਬਤੀਤ ਕਰ ਸਕੀਏ। ਪਰ ਇਨਸਾਨ ਨੇ ਜੀਵਨ ਦੇ ਇਹਨਾਂ ਬੇਸ਼ਕੀਮਤੀ ਸੋਮਿਆਂ ਨੂੰ ਤਬਾਹ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ।

ਆਉ ਕਸਮ ਖਾਈਏ ਕਿ ਆਪਾਂ ਵੱਧ ਤੋਂ ਵੱਧ ਰੁੱਖ ਲਗਾ ਕੇ ਅਤੇ ਪੁਰਾਣਿਆਂ ਰੁੱਖਾਂ ਨੂੰ ਬਚਾ ਕੇ, ਜ਼ਮੀਨਦੋਜ਼ ਪਾਣੀ ਨੂੰ ਬਚਾ ਕੇ, ਧਰਤੀ ਨੂੰ ਹਰਾ ਭਰਾ, ਜ਼ਹਿਰ ਮੁਕਤ ਬਣਾ ਕੇ ਅਤੇ ਸਿੰਗਲ ਯੂਜ਼ ਪਲਾਸਟਿਕ ਭਜਾ ਕੇ ਵਾਤਾਵਰਣ ਨੂੰ ਸ਼ੁੱਧ ਬਣਾਈਏ ਤਾਂ ਜ਼ੋ ਅਸੀਂ ਅਤੇ ਸਾਡੀ ਆਉਣ ਵਾਲੀ ਪੀੜ੍ਹੀ ਸੁਖੀ ਅਤੇ ਰੋਗਮੁਕਤ ਜੀਵਨ ਬਤੀਤ ਕਰ ਸਕੀਏ।

ਜਦੋਂ ਸਾਡੇ ਵੇਦਾਂ ਅਨੁਸਾਰ ਪਵਨ, ਜਲ ਅਤੇ ਧਰਤੀ ਨੂੰ ਦੇਵਤਾ ਮੰਨਿਆ ਜਾਂਦਾ ਹੈ ਤਾਂ ਫੇਰ ਉਹਨਾਂ ਦੀ ਤਬਾਹੀ ਕਿਉਂ ? ਗੁਰਬਾਣੀ ਵਿੱਚ ਵੀ ਇਹ ਸਮਝਾਇਆ ਗਿਆ ਹੈ ਕਿ, ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ

ਇਸ ਲਈ ਇਸ ਆ ਰਹੇ ਬਰਸਾਤੀ ਦਿਨਾਂ ਵਿੱਚ ਵੱਧ ਤੋਂ ਵੱਧ ਬੂਟੇ ਲਗਾਓ ਅਤੇ ਵਾਤਾਵਰਣ ਬਚਾਓ, ਜੀਵਨ ਬਚਾਓ।

# ਨਗਰ ਕੌਂਸਲ ਵੱਲੋਂ ਵੀ.ਆਈ. ਪੀ. ਇਨਕਲੇਵ ਵਿਖੇ ਹੋ ਰਹੀ ਪਲਾਟ ਨੰਬਰ 45 ਦੀ ਅਣ-ਅਧਿਕਾਰਤ ਉਸਾਰੀ ਰੋਕੀ ਗਈ

## ਨਿਯਮ ਪੂਰੇ ਨਾ ਹੋਣ ਤੱਕ ਇਮਾਰਤ ਰਹੇਗੀ ਸੀਲ

**ਜ਼ੀਰਕਪੁਰ**

ਨਗਰ ਕੌਂਸਲ, ਜ਼ੀਰਕਪੁਰ ਵੱਲੋਂ ਵੱਲੋਂ ਅਣ-ਅਧਿਕਾਰਤ ਉਸਾਰੀਆਂ ਵਿਰੁੱਧ ਸਖ਼ਤ ਰੁੱਖ ਅਪਣਾਉਂਦੇ ਹੋਏ ਅੱਜ ਪਲਾਟ ਨੰਬਰ 45, ਵੀ.ਆਈ.ਪੀ. ਇਨਕਲੇਵ, ਜੀਰਕਪੁਰ ਵਿਖੇ ਕੀਤੀ ਜਾ ਰਹੀ ਅਣ-ਅਧਿਕਾਰਤ ਉਸਾਰੀ ਨੂੰ ਰੋਕਣ ਦੇ ਨਾਲ ਨਾਲ ਇਮਾਰਤ ਨੂੰ ਸੀਲ ਕਰ ਦਿੱਤਾ ਗਿਆ।

ਕਾਰਜ ਸਾਧਕ ਅਫ਼ਸਰ, ਜਗਜੀਤ ਸਿੰਘ ਜੱਜ ਅਨੁਸਾਰ ਉਕਤ ਅਣ-ਅਧਿਕਾਰਤ ਉਸਾਰੀ ਨੂੰ ਰੋਕਣ ਲਈ ਪੰਜਾਬ ਮਿਉਂਸਪਲ ਐਕਟ 1911 ਦੀ ਧਾਰਾ 195-ਡੀ ਤਹਿਤ ਨੋਟਿਸ ਜਾਰੀ ਕੀਤਾ ਗਿਆ ਸੀ। ਪਰੰਤੂ ਉਸਾਰੀਕਰਤਾ ਵੱਲੋਂ ਅਣ-ਅਧਿਕਾਰਤ ਉਸਾਰੀ ਨੂੰ ਨਕਸ਼ੇ ਮੁਤਾਬਿਕ ਦਰੁਸਤ ਨਹੀ ਕੀਤਾ ਜਾ ਰਿਹਾ ਸੀ ਅਤੇ ਵਾਰ-ਵਾਰ ਰੋਕਣ ਤੇ ਵੀ ਕੰਮ ਬੰਦ ਨਹੀ ਕੀਤਾ ਜਾ ਰਿਹਾ ਸੀ।

ਇਸ ਸੰਬੰਧੀ ਕਾਰਵਾਈ



ਕਰਦੇ ਹੋਏ ਨਗਰ ਕੌਂਸਲ ਜ਼ੀਰਕਪੁਰ ਦੀ ਟੀਮ ਵੱਲੋਂ ਅੱਜ ਅਣ-ਅਧਿਕਾਰਤ ਉਸਾਰੀ ਨੂੰ ਡਿਉਟੀ ਮੈਜਿਸਟਰੇਟ-ਕਮ-ਨਾਇਬ ਤਹਿਸੀਲਦਾਰ, ਜ਼ੀਰਕਪੁਰ ਅਤੇ ਪੁਲਿਸ ਫੋਰਸ ਦੀ ਮੌਜੂਦਗੀ ਵਿਚ ਸੀਲ ਕਰਨ ਦੀ ਕਾਰਵਾਈ ਕੀਤੀ ਗਈ ਅਤੇ ਆਸ ਪਾਸ ਦੇ ਵਸਨੀਕਾਂ ਨੂੰ ਅਪੀਲ ਕੀਤੀ ਗਈ ਕਿ ਕੋਈ ਵੀ ਅਣ-ਅਧਿਕਾਰਤ ਉਸਾਰੀ ਭਵਿਖ ਵਿਚ ਨਾ ਕੀਤੀ ਜਾਵੇ। ਨਗਰ ਕੌਂਸਲ, ਜੀਰਕਪੁਰ ਵੱਲੋਂ ਸਰਕਾਰ ਦੇ ਰੂਲਾਂ/ਨਿਯਮਾਂ ਅਨੁਸਾਰ ਨਕਸ਼ਾ ਪਾਸ ਕਰਵਾਉਣ ਉਪਰੰਤ ਹੀ ਉਸਾਰੀ ਕਰਨੀ ਯਕੀਨੀ ਬਣਾਈ ਜਾਵੇ। ਉਨ੍ਹਾਂ ਕਿਹਾ ਕਿ ਨਿਯਮਾਂ ਦੀ ਉਲੰਘਣਾ ਦੀ ਸੂਰਤ ਵਿਚ ਸੰਬੰਧਤ ਵਿਅਕਤੀ/ਅਣ-ਅਧਿਕਾਰਤ ਉਸਾਰੀਕਰਤਾ ਵਿਰੁਧ ਬਣਦੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

# ਜ਼ਿਲ੍ਹਾ ਮੈਜਿਸਟਰੇਟ ਨੇ ਓਲਿਵ ਗਰੀਨ ਰੰਗ ਦੀਆਂ ਵਰਦੀਆਂ, ਜੀਪਾਂ, ਮੋਟਰ ਵਹੀਕਲਾਂ ਦੀ ਵਰਤੋਂ ਕਰਨ 'ਤੇ ਲਗਾਈ ਰੋਕ

**ਝਬਾਲ,ਦਲਜੀਤ ਸਿੰਘ ਚੱਡਾ**

ਜਦੋਂ ਕਿ ਭਾਰਤ ਵਿੱਚ ਮਿਲਟਰੀ ਅਧਿਕਾਰੀਆਂ ਵੱਲੋ ਓਲਿਵ ਗਰੀਨ (ਮਿਲਟਰੀ ਰੰਗ) ਦੀ ਮਿਲਟਰੀ ਵਰਦੀ ਅਤੇ ਓਲਿਵ ਗਰੀਨ ਰੰਗ ਦੀਆਂ ਜੀਪਾਂ / ਮੋਟਰ ਸਾਈਕਲਾਂ ਦੀ ਵਰਤੋਂ ਕੀਤੀ ਜਾਂਦੀ ਹੈ। ਪਰ ਕਿਸੇ ਵੀ ਸਮਾਜ ਵਿਰੋਧੀ ਤੱਤਾਂ ਵੱਲ ਅਜਿਹੇ ਰੰਗ ਦੀ ਵਰਦੀ ਜਾਂ ਜੀਪਾਂ/ਮੋਟਰ ਵਹੀਕਲਾਂ ਆਦਿ ਦੀ ਵਰਤੋਂ ਕਰਦੇ ਹੋਏ ਕੋਈ ਵੀ ਗੈਰ ਕਾਨੂੰਨੀ ਕਾਰਵਾਈ ਜਾਂ ਹਿੰਸਕ ਘਟਨਾ ਕੀਤੀ ਜਾ ਸਕਦੀ ਹੈ, ਜਿਸ ਨਾਲ ਅਮਨ ਤੇ ਕਾਨੂੰਨ ਦੀ ਸਥਿਤੀ ਨੂੰ ਖਤਰਾ ਪੈਦਾ ਹੋ ਸਕਦਾ ਹੈ। ਇਸ ਲਈ ਵੱਖਰੇਪਨ ਨੂੰ ਯਕੀਨੀ ਬਣਾਉਣ ਲਈ ਅਤੇ



ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਇਹ ਜ਼ਰੂਰੀ ਹੋ ਜਾਂਦਾ ਹੈ, ਕਿ ਓਲਿਵ ਗਰੀਨ ਰੰਗ ਦੀ ਵਰਤੋਂ ਆਮ ਜਨਤਾ ਵੱਲੋ ਤੁਰੰਤ ਬੰਦ ਕੀਤੀ ਜਾਵੇ।

ਇਸ ਸਬੰਧ ਵਿੱਚ ਜਿਲ੍ਹਾ ਮੈਜਿਸਟਰੇਟ, ਤਰਨ ਤਾਰਨ, ਸ਼?ਰੀ. ਰਾਹੁਲ, ਆਈ. ਏ. ਐਸ. ਨੇ ਭਾਰਤੀ ਨਾਗਰਿਕ ਸੁਰਕਸ਼ਾ ਸੰਹਿਤਾ-2023 ਦੀ ਧਾਰਾ 163 ਤਹਿਤ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ, ਜਾਰੀ ਹੁਕਮ ਦੁਆਰਾ ਆਮ ਜਨਤਾ ਨੂੰ ਓਲਿਵ ਗਰੀਨ ਰੰਗ ਦੀਆਂ ਵਰਦੀਆਂ,ਜੀਪਾਂ/ਮੋਟਰ ਵਹੀਕਲਾਂ ਦੀ ਵਰਤੋਂ ਕਰਨ 'ਤੇ ਰੋਕ ਲਗਾਈ ਹੈ। ਮਿਲਟਰੀ ਫੋਰਸਿਜ਼, ਪੈਰਾ ਮਿਲਟਰੀ ਫੋਰਸਿਜ਼ ਅਤੇ ਬੀ. ਐਸ. ਐਫ. ਪ੍ਰਸੋਨਲ ਨੂੰ ਛੋਟ ਹੋਵੇਗੀ। ਮੌਜੂਦਾ ਹਾਲਤ ਨੂੰ ਮੁੱਖ ਰੱਖਦੇ ਹੋਏ ਇਹ ਹੁਕਮ 15 ਅਗਸਤ 2025 ਤੱਕ ਲਾਗੂ ਰਹਿਣਗੇ।

# ਕਰਨਲ ਕੌਂਡਲ ਅਤੇ ਉਨ੍ਹਾਂ ਦੀ ਮਾਂ ਨੇ ਆਸ਼ਾ ਕਿਰਨ ਸਕੂਲ ਨੂੰ 2 ਲੱਖ ਰੁਪਏ ਦਾ ਕੀਤਾ ਚੈਕ ਭੇਂਟ

## ਵਿਸ਼ੇਸ਼ ਬੱਚਿਆਂ ਦੀ ਸੇਵਾ ਕਰਨਾ ਇੱਕ ਮਹਾਨ ਕਾਰਜ ਹੈ: ਕਰਨਲ ਕੌਂਡਲ

**ਹੁਸ਼ਿਆਰਪੁਰ /ਤਰਸੇਮ ਦੀਵਾਨਾ**

ਕਰਨਲ ਜੇ.ਐਸ. ਕੌਂਡਲ ਅਤੇ ਉਨ੍ਹਾਂ ਦੀ ਮਾਂ ਪ੍ਰਕਾਸ਼ ਕੌਰ ਨੇ ਜੇ.ਐਸ. ਆਸ਼ਾ ਕਿਰਨ ਸਪੈਸ਼ਲ ਸਕੂਲ ਜਹਾਨਖੇਲਾ ਦਾ ਦੌਰਾ ਕੀਤਾ ਅਤੇ ਵਿਸ਼ੇਸ਼ ਬੱਚਿਆਂ ਨਾਲ ਸਮਾਂ ਬਿਤਾਇਆ, ਜਿਸ ਦੌਰਾਨ ਉਨ੍ਹਾਂ ਵਿਸ਼ੇਸ਼ ਬੱਚਿਆਂ ਨਾਲ ਉਨ੍ਹਾਂ ਦੀਆਂ ਜ਼ਰੂਰਤਾਂ ਅਤੇ ਭਵਿੱਖ ਦੀਆਂ ਯੋਜਨਾਵਾਂ ਬਾਰੇ ਗੱਲਬਾਤ ਕੀਤੀ। ਇਸ ਮੌਕੇ ਆਸ਼ਾਦੀਪ ਵੈਲਫੇਅਰ ਸੋਸਾਇਟੀ ਦੇ ਸਕੱਤਰ ਕਰਨਲ ਗੁਰਮੀਤ ਸਿੰਘ ਨੇ ਜੇ.ਐਸ. ਕੌਂਡੇਲ ਨੂੰ ਸਕੂਲ ਬਾਰੇ ਜਾਣਕਾਰੀ ਦਿੱਤੀ, ਜਿਸ ਵਿੱਚ ਦੱਸਿਆ ਗਿਆ ਕਿ ਇਹ ਵਿਸ਼ੇਸ਼ ਸਕੂਲ ਸਾਲ 1995 ਵਿੱਚ 4 ਵਿਸ਼ੇਸ਼ ਬੱਚਿਆਂ ਨਾਲ ਸ਼ੁਰੂ ਕੀਤਾ ਗਿਆ ਸੀ ਅਤੇ ਫਿਰ ਸਕੂਲ ਲਈ ਜ਼ਮੀਨ ਜਹਾਨਖੇਲਾ ਦੀ ਪੰਚਾਇਤ ਵੱਲੋਂ ਦਿੱਤੀ ਗਈ ਸੀ। ਉਨ੍ਹਾਂ ਦੱਸਿਆ ਕਿ ਹੁਣ ਇਸ ਤਿੰਨ ਮੰਜ਼ਿਲਾ ਸਕੂਲ ਵਿੱਚ ਵਿਸ਼ੇਸ਼ ਬੱਚਿਆਂ ਦੀਆਂ ਜ਼ਰੂਰਤਾਂ ਅਨੁਸਾਰ ਸਾਰੀਆਂ ਸਹੂਲਤਾਂ ਹਨ, ਜਿਸ ਵਿੱਚ ਲਿਫਟ, ਰੈਂਪ, ਹੋਸਟਲ, ਪਾਰਕ ਆਦਿ ਸ਼ਾਮਲ ਹਨ। ਇਸ ਮੌਕੇ ਕਰਨਲ ਜੇ.ਐਸ. ਕੌਂਡਲ ਨੇ ਕਿਹਾ ਕਿ ਵਿਸ਼ੇਸ਼ ਬੱਚਿਆਂ




ਦੀ ਸੇਵਾ ਕਰਨਾ ਇੱਕ ਮਹਾਨ ਕਾਰਜ ਹੈ ਅਤੇ ਆਸ਼ਾਦੀਪ ਵੈਲਫੇਅਰ ਸੋਸਾਇਟੀ ਇਸ ਲਈ ਵਧਾਈ ਦੀ ਹੱਕਦਾਰ ਹੈ। ਉਨ੍ਹਾਂ ਕਿਹਾ ਕਿ ਉਹ ਭਵਿੱਖ ਵਿੱਚ ਵੀ ਸਕੂਲ ਆਉਂਦੇ ਰਹਿਣਗੇ ਅਤੇ ਸਕੂਲੀ ਬੱਚਿਆਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਮਦਦ ਕਰਦੇ ਰਹਿਣਗੇ। ਇਸ ਸਮੇਂ ਸ਼੍ਰੀਮਤੀ ਪ੍ਰਕਾਸ਼ ਕੌਰ ਨੇ ਕਿਹਾ ਕਿ ਸਕੂਲ ਪਹੁੰਚ ਕੇ ਉਨ੍ਹਾਂ ਨੂੰ ਬਹੁਤ ਜ਼ਿਆਦਾ ਮੰਨ ਨੂੰ ਸ਼ਾਂਤੀ ਮਿਲੀ ਹੈ ਅਤੇ ਇਨ੍ਹਾਂ ਬੱਚਿਆਂ ਦੀ ਸੇਵਾ ਕਰਨ ਤੋਂ ਵੱਡਾ ਕੋਈ ਆਨੰਦ ਨਹੀਂ ਹੈ। ਇਸ ਸਮੇਂ ਉਨ੍ਹਾਂ ਨੇ ਸਕੂਲ ਕਮੇਟੀ ਨੂੰ 2 ਲੱਖ ਰੁਪਏ ਦੀ ਰਾਸ਼ੀ ਦਾਨ ਕੀਤੀ। ਇਸ ਮੌਕੇ ਕਰਨਲ ਗੁਰਮੀਤ ਸਿੰਘ ਨੇ ਆਸ਼ਾਦੀਪ ਵੈਲਫੇਅਰ ਸੁਸਾਇਟੀ ਦੇ ਮੈਂਬਰਾਂ ਵੱਲੋਂ ਜੇ.ਐਸ. ਕੌਂਡਲ ਅਤੇ ਸ਼੍ਰੀਮਤੀ ਪ੍ਰਕਾਸ਼ ਕੌਰ ਦਾ ਧੰਨਵਾਦ ਕੀਤਾ।

# ਸਿਵਲ ਸਰਜਨ ਡਾ. ਪਵਨ ਕੁਮਾਰ ਸ਼ਗੋਤਰਾ ਨੇ ਕੀਤਾ ਵੱਖ-ਵੱਖ ਆਦਮੀ ਕਲੀਨਿਕਾਂ ਦਾ ਦੌਰਾ



**ਹੁਸ਼ਿਆਰਪੁਰ /ਤਰਸੇਮ ਦੀਵਾਨਾ**

ਸਿਵਲ ਸਰਜਨ ਹੁਸ਼ਿਆਰਪੁਰ ਡਾ ਪਵਨ ਕੁਮਾਰ ਸ਼ਗੋਤਰਾ ਵੱਲੋਂ ਅੱਜ ਆਮ ਆਦਮੀ ਕਲੀਨਿਕ ਬਾੜੀ ਖੱਡ, ਮਨਹੋਤਾ, ਬਰੂਹੀ, ਕਪਾਹਟ ਅਤੇ ਭਾਗੋਵਾਲ ਦਾ ਦੌਰਾ ਕਰਕੇ ਨਿਰੀਖਣ ਕੀਤਾ ਗਿਆ। ਇਸ ਮੌਕੇ ਉਹਨਾਂ ਦੇ ਨਾਲ ਜਿਲਾ ਪ੍ਰੋਗਰਾਮ ਮੈਨੇਜਰ ਮੁਹੰਮਦ ਆਸਿਫ ਵੀ ਮੌਜੂਦ ਸਨ। ਸਿਵਲ ਸਰਜਨ ਵਲੋਂ ਇਹਨਾਂ ਕਲੀਨਿਕਾਂ ਦੀ ਚੈਕਿੰਗ ਦੇ ਦੌਰਾਨ ਡਿਊਟੀ ਤੇ ਤਾਇਨਾਤ ਸਮੂਹ ਸਟਾਫ ਦੀ ਹਾਜ਼ਰੀ ਚੈਕ ਕੀਤੀ ਅਤੇ ਸਭ ਨੂੰ ਸਮੇਂ ਦੇ ਪਾਬੰਦ ਹੋਣ ਦੀ ਹਿਦਾਇਤ ਕੀਤੀ। ਉਹਨਾਂ ਵੱਲੋਂ ਮਰੀਜ਼ਾਂ ਦਾ ਰਿਕਾਰਡ, ਦਵਾਈਆਂ ਦਾ ਸਟਾਕ ਅਤੇ ਸਾਫ ਸਫਾਈ ਦਾ ਵਿਸ਼ੇਸ਼ ਤੌਰ ਤੇ ਜਾਇਜ਼ਾ ਲਿਆ ਗਿਆ। ਡਾ ਸ਼ਗੋਤਰਾ ਨੇ ਸਟਾਫ ਨੂੰ ਕੰਮਕਾਜ ਅਤੇ ਮਰੀਜਾਂ ਦਾ ਰਿਕਾਰਡ ਸਹੀ ਢੰਗ ਨਾਲ ਮੇਨਟੇਨ ਰੱਖਣ ਲਈ ਕਿਹਾ। ਉਹਨਾਂ ਫਾਰਮੇਸੀ ਸਟੋਰ ਦਾ ਜਾਇਜਾ ਲੈਂਦੇ ਹੋਏ ਮਰੀਜਾਂ ਲਈ ਜਰੂਰੀ ਦਵਾਈਆਂ ਦੀ ਉਪਲੱਬਧਤਾ ਯਕੀਨੀ ਬਣਾਉਣ ਲਈ ਆਖਿਆ ਤਾਂ ਜੋ ਮਰੀਜ਼ਾਂ ਨੂੰ ਕਿਸੇ ਕਿਸਮ ਦੀ ਪਰੇਸ਼ਾਨੀ ਨਾ ਹੋਵੇ ਅਤੇ ਸਰਕਾਰ ਵੱਲੋਂ ਲੋਕਾਂ ਨੂੰ ਦਿੱਤੀ ਜਾਣ ਵਾਲੀ ਹਰ ਬਣਦੀ ਸਹੂਲਤ ਦਿੱਤੀ ਜਾ ਸਕੇ। ਉਹਨਾਂ ਉੱਥੇ ਆਏ ਹੋਏ ਮਰੀਜ਼ਾਂ ਦਾ ਹਾਲ ਚਾਲ ਪੁੱਛਿਆ ਅਤੇ ਉਹਨਾਂ ਨੂੰ ਦਿੱਤੀਆਂ ਜਾਣ ਵਾਲੀਆਂ ਦਵਾਈਆਂ ਅਤੇ ਮਿਲ ਰਹੀਆਂ ਸਿਹਤ ਸਹੂਲਤਾਂ ਬਾਰੇ ਜਾਣਕਾਰੀ ਹਾਸਲ ਕੀਤੀ। ਉਹਨਾਂ ਸਟਾਫ ਨੂੰ ਬਾਇਓ ਮੈਡੀਕਲ ਵੇਸਟ ਦੇ ਨਿਪਟਾਰੇ ਲਈ ਨਿਯਮਾਂ ਦਾ ਪਾਲਣ ਕਰਨ ਦੀ ਹਿਦਾਇਤ ਕੀਤੀ। ਉਹਨਾਂ ਸਟਾਫ਼ ਨੂੰ ਆਮ ਲੋਕਾਂ ਨੂੰ ਬਿਹਤਰ ਸਿਹਤ ਸੇਵਾਵਾਂ ਦੇਣ, ਮਰੀਜ਼ਾਂ ਪ੍ਰਤੀ ਪਿਆਰ ਵਾਲਾ ਰਵੱਈਆ ਅਪਨਾਉਣ ਲਈ ਕਿਹਾ ਅਤੇ ਕਿਸੇ ਵੀ ਤਰ੍ਹਾਂ ਦੀ ਐਮਰਜੈਂਸੀ ਦੌਰਾਨ ਸਿਹਤ ਸੰਸਥਾ ਵਿਚ ਆਏ ਮਰੀਜ਼ਾਂ ਨੂੰ ਗੰਭੀਰਤਾ ਨਾਲ ਲਏ ਜਾਣ ਦੀ ਹਦਾਇਤ ਕੀਤੀ।



ਗੁਰਮਤ ਦੇ ਨਾਲ ਨਾਲ ਸਮਾਜਿਕ ਸਿਖਲਾਈ ਦਾ ਮੰਚ-ਨਿਰੰਕਾਰੀ ਬਾਲ ਸੰਤ ਸਮਾਗਮ ਹੁਸ਼ਿਆਰਪੁਰ 12ਜੂਨ ( ਤਰਸੇਮ ਦੀਵਾਨਾ ) ਨਿਰੰਕਾਰੀ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਦੇ ਪਵਿੱਤਰ ਆਸ਼ੀਰਵਾਦ ਨਾਲ ਸੰਤ ਨਿਰੰਕਾਰੀ ਸਤਸੰਗ ਭਵਨ,ਵਿਖ਼ੇ ਨਿਰੰਕਾਰੀ ਬਾਲ ਸੰਤ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਬੱਚਿਆਂ ਵੱਲੋਂ ਸਤਿਗੁਰੂ ਦੀਆਂ ਸਿੱਖਿਆਵਾਂ ਨੂੰ ਵੱਖ-ਵੱਖ ਭਾਸ਼ਾਵਾਂ ਵਿੱਚ ਗਾਇਆ ਗਿਆ। ਜਿਸ ਵਿੱਚ ਵਿਚਾਰ, ਨਾਟਕ, ਛੋਟੇ ਕਵੀ ਦਰਬਾਰ ਸ਼ਾਮਲ ਸਨ। ਬੱਚਿਆਂ ਨੇ ਵਿਸ਼ੇਸ਼ ਤੌਰ 'ਤੇ ਨਾਟਕਾਂ

# ਪਿੰਡ ਥਾਣਾ ਦੇ ਵਿਕਾਸ ਲਈ ਸੋਲਰ ਸਿਸਟਮ ਹੋਵੇਗਾ ਵਰਦਾਨ ਸਾਬਿਤ: ਸਰਪੰਚ ਸੁਮਨ ਬਾਲਾ



**ਗੜ੍ਹਸ਼ੰਕਰ /ਰਾਕੇਸ਼ ਕੁਮਾਰ**

ਬੀਤੇ ਦਿਨ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਤੇ ਹਲਕਾ ਵਿਧਾਇਕ ਜੈ ਕ੍ਰਿਸ਼ਨ ਸਿੰਘ ਰੌੜੀ ਵਲੋਂ ਪਿੰਡ ਥਾਣਾ ਦੀ ਪੰਚਾਇਤ ਨੂੰ ਇਕ ਸੋਲਰ ਮੋਟਰ ਸਿਸਟਮ ਭੇਟ ਕੀਤਾ। ਇਸ ਸਬੰਧੀ ਪਿੰਡ ਦੀ ਸਰਪੰਚ ਸੁਮਨ ਬਾਲਾ ਨੇ ਪਿੰਡ ਦੀ ਪੰਚਾਇਤ ਦੀ ਮੌਜੂਦਗੀ ਵਿੱਚ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਜਿਥੇ ਇਸ ਸੋਲਰ ਮੋਟਰ ਸਿਸਟਮ ਨਾਲ ਪਿੰਡ ਦੀਆਂ ਜਨਤਕ ਥਾਵਾਂ 'ਤੇ ਸਵੈਚਾਲਤ ਊਰਜਾ ਰਾਹੀਂ ਰੋਸ਼ਨੀ ਮਿਲੇਗੀ ਉਥੇ ਹੀ ਪਿੰਡ ਦੇ ਛੱਪੜ ਦੀ ਸਫਾਈ ਲਈ ਵੀ ਇਹ ਸੋਲਰ ਸਿਸਟਮ ਵਰਦਾਨ ਸਾਬਿਤ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਨਾਲ ਪਿੰਡ ਵਿੱਚ ਸਫ਼ਾਈ ਮੁਹਿੰਮ ਨੂੰ ਹੋਰ ਹੁੰਗਾਰਾ ਮਿਲੇਗਾ। ਉਨ੍ਹਾਂ ਕਿਹਾ ਕਿ ਸੂਰਜੀ ਊਰਜਾ ਨਾਲ ਨਾ ਸਿਰਫ਼ ਬਿਜਲੀ ਦੀ ਬੱਚਤ ਹੋਵੇਗੀ, ਸਗੋਂ ਵਾਤਾਵਰਨ ਲਈ ਵੀ ਇਹ ਇਕ ਸਹੀ ਪਹਿਲ ਕਦਮੀ ਸਾਬਿਤ ਹੋਵੇਗਾ। ਇਸ ਮੌਕੇ ਸਰਪੰਚ ਸੁਮਨ ਬਾਲਾ ਤੋਂ ਇਲਾਵਾ ਬਾਬਾ ਕਰਮੂ ਜੀ ਵੈਲਫੇਅਰ ਸੁਸਾਇਟੀ ਥਾਣਾ ਦੇ ਪ੍ਰਧਾਨ ਲਖਵਿੰਦਰ ਸਿੰਘ, ਦਵਿੰਦਰ ਕੌਰ, ਮੀਨਾ ਰਾਣੀ, ਅਮਰੀਕ ਸਿੰਘ, ਅਮਰਜੀਤ ਸਿੰਘ, ਕੁਲਵੰਤ ਸਿੰਘ, ਗੁਰਨੇਕ ਸਿੰਘ, ਜਗੀਰ ਕੌਰ ਅਤੇ ਚਰਨਜੀਤ ਸਿੰਘ ਆਦਿ ਹਾਜ਼ਰ ਸਨ।

# ਪਿੰਡਾ ਵਿੱਚ ਚਿੱਪ ਵਾਲੇ ਮੀਟਰ ਨਹੀਂ ਲਗਾਉਣ ਦਿਤੇ ਜਾਣਗੇ : ਤੁੜ

**ਫਤਿਆਬਾਦ / ਹੀਰਾ ਸਿੰਘ ਸੇਠੀ**

ਨੌਜਵਾਨ ਭਗਤ ਸਿੰਘ ਸ਼ਹੀਦ ਸਭਾ ਦੇ ਜਿਲ੍ਹਾ ਆਗੂ ਸਲੱਖਣ ਸਿੰਘ ਤੁੜ ਨੇ ਫਤਿਆਬਾਦ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕਾਰਪੋਰੇਟ ਘਰਾਣਿਆਂ ਨੂੰ ਪਹਿਲਾਂ ਹੀ ਕਮਾਈ ਵਾਲੇ ਕੰਮਾ ਦੇ ਸਾਰੇ ਅਧਿਕਾਰ ਦਿਤੇ ਗਏ ਹਨ ਅਤੇ ਹੁਣ ਅਡਾਨੀ ਗਰੁੱਪ ਨੂੰ ਪੰਜਾਬ ਵਿੱਚ ਬਿਜਲੀ ਨਾਲ ਸਬੰਧਤ ਅਧਿਕਾਰ ਵੀ ਅਡਾਨੀ ਗਰੁੱਪ ਨੂੰ ਸੌਂਪ ਦਿਤੇ ਗਏ ਹਨ ਜਿਸ ਤਹਿਤ ਇਹ ਕਾਰਪੋਰੇਟ ਘਰਾਣਿਆਂ ਨੇ ਆਪਣੀਆਂ ਮਨਮਾਨੀਆਂ ਕਰਨ ਹਿੱਤ ਸੂਬੇ ਵਿੱਚ ਚਿੱਪ ਵਾਲੇ ਮੀਟਰ ਲਗਾਉਣ ਦਾ ਰਾਹ ਪੱਧਰਾ ਕਰਨ ਲਈ ਪੰਜਾਬ ਸਰਕਾਰ ਨੂੰ ਮੋਹਰਾ ਬਣਾ ਕੇ ਇਹ



ਮੀਟਰ ਸਭ ਤੋਂ ਪਹਿਲਾਂ ਸਰਕਾਰੀ ਦਫਤਰਾਂ ਵਿਚ ਲਗਾਉਣ ਦਾ ਰਾਹ ਸਾਫ ਕਰ ਲਿਆ ਹੈ ਪਰ ਕਾਰਪੋਰੇਟ ਘਰਾਣਿਆਂ ਦੀ ਇਹ ਇਛਾ ਕਦੇ ਵੀ ਪੂਰੀ ਨਹੀਂ ਹੋਣ ਦਿਤੀ ਜਾਵੇਗੀ। ਪਿੰਡ ਤੁੜ ਜਿਲ੍ਹਾ ਤਰਨਤਾਰਨ ਦੇ ਪਿੰਡ ਤੁੜ ਦੇ ਸਾਬਕਾ ਸਰਪੰਚ ਸਲੱਖਣ ਸਿੰਘ ਤੁੜ ਨੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਦੇ ਲੋਕਾਂ ਨੂੰ ਕੋਈ ਰਾਹਤ ਤਾ ਨਹੀ ਦਿੱਤੀ ਪਰ ਲੋਕਾਂ ਦੇ ਘਰਾ ਵਿਚ ਸਮਾਰਟ ਮੀਟਰ ਚਿੱਪ ਵਾਲੇ ਜੋ ਰੀਚਾਰਜ ਨਾਲ ਚੱਲਣਗੇ ਉਹ ਮੀਟਰ ਲਗਾ ਕੇ ਲੋਕਾਂ ਨੂੰ ਮਹਿਗਾਈ ਦਾ ਇਕ ਨਵਾ ਤੋਹਫਾ ਦੇਣ ਜਾ ਰਹੀ ਹੈ ਜਿਸ ਦੇ ਮਨਸੂਬਿਆਂ ਨੂੰ ਕਦੇ ਵੀ ਪੂਰਾ ਨਹੀਂ ਹੋਣ ਦੇਵਾਂਗੇ।

# ਬਲਾਕ ਨਡਾਲਾ ਅਧੀਨ ਪੈਂਦੀਆਂ ਗ੍ਰਾਮ ਪੰਚਾਇਤਾਂ ਦੇ ਸਰਪੰਚਾਂ ਪੰਚਾਂ ਦਾ ਤਿੰਨ ਰੋਜ਼ਾ ਸਿਖਲਾਈ ਕੈਂਪ ਸ਼ੁਰੂ




**ਨਡਾਲਾ**

ਪ੍ਰਦੇਸ਼ਿਕ ਦਿਹਾਤੀ ਵਿਕਾਸ ਅਤੇ ਪੰਚਾਇਤੀ ਰਾਜ ਸੰਸਥਾ ਮੋਹਾਲੀ (ਪੰਜਾਬ) ਵਲੋਂ ਬਲਾਕ ਨਡਾਲਾ ਵਿਖੇ ਨਵੀਆਂ ਚੁਣੀਆਂ ਗਈਆਂ ਪੰਚਾਇਤਾਂ ਦੇ ਸਰਪੰਚਾਂ ਅਤੇ ਪੰਚਾਂ ਲਈ ਤਿੰਨ ਰੋਜ਼ਾ ਸਿਖਲਾਈ ਕੈਂਪ ਬਲਾਕ ਵਿਕਾਸ ਅਫ਼ਸਰ ਨਡਾਲਾ ਸ.ਨਰਿੰਦਰ ਸਿੰਘ ਦੀ ਯੋਗ ਅਗਵਾਈ ਹੇਠ ਮਿਤੀ 19 ਮਈ ਤੋਂ 21 ਜੂਨ ਤੱਕ ਲਗਾਇਆ ਜਾ ਰਿਹਾ ਹੈ। ਇਸੇ ਕੜੀ ਤਹਿਤ ਅੱਜ 12 ਜੂਨ ਤੋਂ ਪਿੰਡ ਮਾਡਲ ਟਾਊਨ, ਭੱਕੂਵਾਲ, ਸੈਂਤਪੁਰ, ਧੱਕੜਾਂ, ਮੰਡ ਇਬਰਾਹੀਮ ਵਾਲ,ਰਾਮਗੜ, ਘੱਗ, ਰਾਵਾਂ ਅਤੇ ਮੰਡ ਤਲਵੰਡੀ ਕੂਕਾ ਦੀਆਂ ਪੰਚਾਇਤਾਂ ਦਾ ਤਿੰਨ ਰੋਜ਼ਾ ਸਿਖਲਾਈ ਕੈਂਪ ਸ਼ੁਰੂ ਹੋਇਆ। ਇਸ ਸੈਮੀਨਾਰ ਦੌਰਾਨ ਐਸ ਆਈ ਆਰ ਡੀ ਦੇ ਰਿਸੋਰਸ ਪਰਸਨ ਸੁਰਿੰਦਰ ਕੁਮਾਰ ਅਤੇ ਮੈਡਮ ਰਮਨਦੀਪ ਵਲੋਂ ਬੜੇ ਹੀ ਸੁਚੱਜੇ ਢੰਗ ਨਾਲ ਆਏ ਹੋਏ ਸਰਪੰਚਾਂ ਪੰਚਾਂ ਨੂੰ ਪੰਚਾਇਤ ਐਕਟ ਬਾਰੇ, ਗ੍ਰਾਮ ਸਭਾ ਤੇ ਗ੍ਰਾਮ ਪੰਚਾਇਤ ਬਾਰੇ, ਸਥਾਈ ਵਿਕਾਸ ਦੇ ਟੀਚੇ, ਸਾਮਲਾਟ ਜ਼ਮੀਨਾਂ, ਮਨਰੇਗਾ ਅਤੇ ਵੱਖ ਵੱਖ ਵਿਭਾਗਾਂ ਵਿਚ ਚਲ ਰਹੀਆਂ ਵੱਖ ਵੱਖ ਭਲਾਈ ਸਕੀਮਾਂ ਸਬੰਧੀ ਵਡਮੁੱਲੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਜਲ ਸਪਲਾਈ ਵਿਭਾਗ ਤੋਂ ਵਿਸ਼ੇਸ਼ ਤੌਰ ਤੇ ਪਹੁੰਚੇ ਬਲਾਕ ਕੌਆਰਡੀਨੇਟਰ ਸਰਬਜੀਤ ਸਿੰਘ ਅਤੇ ਮੈਡਮ ਰਮੇਸਵਰੀ ਵਲੋਂ ਵੀ ਵਾਟਰ ਸਪਲਾਈ ਸਬੰਧੀ ਵੱਖ ਵੱਖ ਸਕੀਮਾਂ ਅਤੇ ਫੰਡਾਂ ਸਬੰਧੀ ਵਡਮੁੱਲੀ ਜਾਣਕਾਰੀ ਮੁਹਈਆ ਕਰਵਾਈ ਗਈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਵੰਤ ਕੌਰ ਸੁਪਰਡੈਂਟ, ਰਣਜੀਤ ਸਿੰਘ ਜੇ.ਈ., ਰਾਜੂ ਸੰਮਤੀ ਕਲਰਕ, ਕੁਲਜੀਤ ਕੌਰ ਸੰਮਤੀ ਕਲਰਕ,ਸੁਰਿੰਦਰ ਕੌਰ ਸੀ.ਏ. ਜਸਪਾਲ ਕੌਰ ਸੀ ਏ ਪੰਚਾਇਤ, ਸਰਪੰਚ ਪ੍ਰਮੋਦ ਕੁਮਾਰ ਸ਼ਰਮਾ ਮਾਡਲ ਟਾਊਨ, ਸਰਪੰਚ ਮਨਦੀਪ ਕੌਰ ਸੈਂਤਪੁਰ, ਸਰਪੰਚ ਧਰਮਿੰਦਰ ਸਿੰਘ ਰਾਮਗੜ੍ਹ, ਸਰਪੰਚ ਅਮਰਜੀਤ ਕੌਰ, ਸਰਪੰਚ ਸਤਨਾਮ ਸਿੰਘ, ਸਰਪੰਚ ਸਵਰਨ ਸਿੰਘ, ਸਰਪੰਚ ਮਨਜੀਤ ਕੌਰ, ਸਰਪੰਚ ਬੇਅੰਤ ਕੌਰ, ਹਰਦੇਵ ਸਿੰਘ ਭੁੱਲਰ, ਕਿਰਨ ਬਾਲਾ ਪੰਚ, ਨੀਤੂ ਪੰਚ, ਮੁਖਤਿਆਰ ਪੰਚ, ਬਸ਼ੀਰ ਮਸੀਹ, ਰਜਵੰਤ ਕੌਰ ਪੰਚ, ਹਰਵਿੰਦਰ ਸਿੰਘ ਚੀਮਾ ਪੰਚ, ਅਮਰਜੀਤ ਸਿੰਘ, ਸੱਤਪਾਲ ਸਿੰਘ, ਮਨਪ੍ਰੀਤ ਸਿੰਘ, ਅਮਰ ਸਿੰਘ ਅਤੇ ਹੋਰ ਹਾਜ਼ਰ ਸਨ।

# ਕਈ ਦਿਨਾਂ ਤੋਂ ਪੈ ਰਹੀ ਅੱਤ ਦੀ ਗਰਮੀ ਨੇ ਕੱਢੇ ਵੱਟ

## ਲੋਕਾਂ ਸਵੇਰੇ 10 ਵਜੇ ਤੋਂ ਸਾਮ 5 ਵਜੇ ਤੱਕ ਆਪੋ ਆਪਣੇ ਘਰਾਂ ਅੰਦਰ ਹੀ ਰਹਿਣ ਲਈ ਮਜਬੂਰ



**ਦੋਰਾਹਾ**

ਇਨੀ ਦਿਨੀ ਸੂਬੇ ਚ ਪੈ ਰਹੀ ਅੱਤ ਦੀ ਗਰਮੀ ਨੇ ਲੋਕਾਂ ਦਾ ਜੀਣਾ ਮੁਹਾਲ ਹੋਇਆ ਅਤੇ ਇਸ ਭੱਠੀ ਵਾਂਗ ਤਪਦੀ ਗਰਮੀ ਕਾਰਨ ਆਮ ਜਨਜੀਵਨ ਵੀ ਬੇਹੱਦ ਪ੍ਰਭਾਵਿਤ ਹੋ ਰਿਹਾ ਅਤੇ ਸਭ ਤੋਂ ਵੱਧ ਪ੍ਰਭਾਵਿਤ ਖੇਤਾਂ ਚ ਕੰਮ ਕਰਦੇ ਕਿਸਾਨ ਭਰਾ ਅਤੇ ਮਜਦੂਰ ਭਰਾ ਹੋ ਰਹੇ ਹਨ। ਸਵੇਰ ਤੋਂ ਸਾਮ ਤਕ ਵੱਗਦੀ ਗਰਮ ਤੱਤੀ ਲੋਅ ਕਾਰਨ ਸਵੇਰੇ ਸ਼ਾਮ ਜਿੱਥੇ ਸੜਕਾਂ ਅਤੇ ਆਲੇ ਦੁਆਲੇ ਕਸਬੇ ਨੁਮਾਂ ਪਿੰਡਾਂ ਦੇ ਬਾਜ਼ਾਰਾਂ ਚ ਪੂਰੀ ਚਹਿਲ ਪਹਿਲ ਦੇਖਣ ਨੂੰ ਮਿਲਦੀ ਹੈ, ਉਥੇ ਹੀ ਦੁਪਹਿਰ ਸਮੇਂ ਬਹੁਤ ਹੀ ਘੱਟ ਆਵਾਜਾਈ ਅਤੇ ਬਾਜ਼ਾਰਾਂ ਚ ਨਾਂਮਾਤਰ ਹੀ ਰੌਣਕ ਨਜ਼ਰ ਆਉਂਦੀ ਹੈ। ਮੌਸਮ ਵਿਭਾਗ ਅਨੁਸਾਰ ਇੰਨੀ ਦਿਨੀ ਤਾਪਮਾਨ 47 ਡਿਗਰੀ ਸੈਲਸੀਅਸ ਤੋਂ ਪਾਰ ਕਰ ਚੁੱਕਾ ਹੈ ਅਤੇ ਆਉਣ ਵਾਲੇ ਦਿਨਾਂ ਚ ਇਸਦੇ ਹੋਰ ਵੀ ਵਧਣ ਦੀ ਸੰਭਾਵਨਾ ਹੈ। ਇਲਾਕੇ ਦੇ ਵੱਖ ਵੱਖ ਪਿੰਡਾਂ ਦਾ ਦੌਰਾ ਕਰਨ ਤੇ ਦੇਖਿਆ ਕਿ ਸਵੇਰੇ 10 ਵਜੇ ਤੋਂ ਸਾਮ 5 ਵਜੇ ਤੱਕ ਜਿਆਦਾਤਰ ਲੋਕ ਆਪੋ ਆਪਣੇ ਘਰਾਂ ਅੰਦਰ ਹੀ ਰਹਿਣ ਲਈ ਮਜਬੂਰ ਹਨ। ਇਲਾਕੇ ਦੇ ਪੇਂਡੂ ਡਾਕਟਰਾਂ ਅਨੁਸਾਰ ਅਜਿਹੀ ਭੱਠੀ ਵਾਂਗ ਤਪਦੀ ਗਰਮੀ ਕਾਰਨ ਲੋਕ ਬੀਮਾਰ ਹੋ ਰਹੇ ਹਨ ਅਤੇ ਲੋਕ ਬਜੁਰਗਾਂ ਤੋ ਲੈਕੇ ਬੱਚਿਆਂ ਨੂੰ ਗਰਮੀ ਤੋਂ ਬਚਾਅ ਲਈ ਨਿੰਬੂ ਪਾਣੀ, ਤਰਬੂਜ ਸਮੇਤ ਹੋਰ ਠੰਡੀਆਂ ਵਸਤਾਂ ਦੇ ਰਹੇ ਹਨ। ਅਜਿਹੀ ਲੋਹੜੇ ਦੀ ਗਰਮੀ ਬਜੁਰਗਾਂ ਅਤੇ ਬੱਚਿਆਂ ਤੋਂ ਇਲਾਵਾ ਪਸ਼ੂ ਪੰਛੀਆਂ ਤੇ ਪੇੜ ਪੌਦਿਆਂ ਨੂੰ ਸਭ ਤੋਂ ਜਿਆਦਾ ਪ੍ਰਭਾਵਿਤ ਕਰ ਰਹੀ ਹੈ। ਕੁਲ ਮਿਲਾਕੇ ਇਸ ਭੱਠੀ ਵਾਂਗ ਤੱਪਦੀ ਗਰਮੀ ਨੇ ਆਮ ਜਨਜੀਵਨ ਬੇਹੱਦ ਪ੍ਰਭਾਵਿਤ ਕੀਤਾ ਹੋਇਆ। ਸਿਹਤ ਵਿਭਾਗ ਨੇ ਵੀ ਲੋਕਾਂ ਨੂੰ ਜਿਆਦਾ ਤਰਲੇ ਪਦਾਰਥ ਲੈਣ ਦੀ ਸਲਾਹ ਦਿੱਤੀ ਹੈ।

# ਬੰਗਾ ਪੁਲਿਸ ਵਲੋਂ 30 ਨਸ਼ੀਲੀਆਂ ਗੋਲੀਆਂ ਅਤੇ 01 ਗ੍ਰਾਮ ਹੈਰੋਇਨ ਸਮੇਤ ਦੋਸ਼ੀ ਕਾਬੂ



**ਬੰਗਾ/ਜਗਦੀਸ਼ ਲਾਲ ਕਲਸੀ**

ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਦੀ ਦਲਦਲ ਚ' ਫਸਾਉਣ ਵਾਲੇ ਨਸ਼ਾ ਤਸਕਰਾਂ ਨੂੰ ਪੁਲਿਸ ਵਲੋਂ ਉਹਨਾਂ ਦੀਆਂ ਸਮਾਜ ਵਿਰੋਧੀ ਗਤੀਵਿਧੀਆਂ ਕਰਕੇ ਨਿਤ ਦਿਨ ਕਾਬੂ ਕਰਕੇ ਸਲਾਖਾਂ ਪਿੱਛੇ ਬੰਦ ਕੀਤਾ ਜਾ ਰਿਹਾ ਹੈ । ਥਾਣਾ ਸਿਟੀ ਬੰਗਾ ਦੀ ਪੁਲਿਸ ਨੇ ਐਸ.ਐਚ.ਓ ਚੌਧਰੀ ਵਰਿੰਦਰ ਕੁਮਾਰ ਦੀ ਅਗਵਾਈ ਵਿੱਚ 30 ਨਸ਼ੀਲੀਆਂ ਗੋਲੀਆਂ ਅਤੇ 01 ਗ੍ਰਾਮ ਹੈਰੋਇਨ ਸਮੇਤ ਇੱਕ ਨਸ਼ਾ ਤਸਕਰ ਨੂੰ ਕਾਬੂ ਕੀਤਾ ਹੈ ।ਐਸ.ਐਚ.ਓ ਚੌਧਰੀ ਵਰਿੰਦਰ ਕੁਮਾਰ ਨੇ ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਦੋਸ਼ੀ ਦੀ ਪਹਿਚਾਣ ਪਰਦੀਪ ਸਿੰਘ ਪੁੱਤਰ ਮਲਕੀਤ ਸਿੰਘ ਵਾਸੀ ਪਿੰਡ ਅਟਾਰੀ ਵਜੋਂ ਹੋਈ ਹੈ। ਆਰੋਪੀ ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।

# ਤਾਰਾ ਵਿਵੇਕ ਕਾਲਜ ਗੱਜਣਮਾਜਰਾ ਦੇ ਸਾਇੰਸ ਵਿਭਾਗ ਦਾ ਨਤੀਜਾ ਰਿਹਾ ਸ਼ਾਨਦਾਰ

## ਤਾਰਾ ਵਿਵੇਕ ਕਾਲਜ ਅਗਲੇ ਸ਼ੈਸਨ ਲਈ ਹੋਣਹਾਰ ਵਿਦਿਆਰਥੀਆਂ ਦਾ ਸਵਾਗਤ ਕਰਦਾ





**ਖੰਨਾ**

ਪੰਜਾਬੀ ਯੂਨੀਵਰਸਿਟੀ ਵੱਲੋਂ ਐਲਾਨੇ ਬੀ.ਐੱਸਸੀ. (ਨਾਨ-ਮੈਡੀਕਲ/ਮੈਡੀਕਲ) ਭਾਗ ਤੀਜਾ, ਸਮੈਸਟਰ ਪੰਜਵਾਂ ਦੇ ਨਤੀਜਿਆਂ 'ਚ ਵਿੱਚ ਤਾਰਾ ਵਿਵੇਕ ਕਾਲਜ ਗੱਜਣਮਾਜਰਾ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਿੱਖਿਆ ਅਤੇ ਸਮਰਪਣ ਦੀ ਇਕ ਮਿਸਾਲ ਪੇਸ਼ ਕੀਤੀ ਹੈ।ਵਿਦਿਆਰਥੀਆਂ ਨੇ ਲਗਾਤਾਰ ਮਿਹਨਤ ਅਤੇ ਵਿਸ਼ਵਾਸ ਨਾਲ ਨਿਰਮਲ ਅਕਾਦਮਿਕ ਪ੍ਰਦਰਸ਼ਨ ਦਰਸਾਇਆ, ਜਿਸ ਨਾਲ ਪੂਰੇ ਕਾਲਜ ਵਿਚ ਖੁਸ਼ੀ ਅਤੇ ਮਾਣ ਦਾ ਮਾਹੌਲ ਬਣਿਆ ਹੋਇਆ ਹੈ। ਬੀ.ਐੱਸਸੀ. (ਨਾਨ-ਮੈਡੀਕਲ) ਦੀ ਵਿਦਿਆਰਥਣ ਰੀਹਾਨਾ ਪਰਵੀਨ ਸਪੁੱਤਰੀ ਅਬਦੁਲ ਸਤਰ, ਵਾਸੀ ਮਲੇਰਕੋਟਲਾ ਨੇ 84 ਫ਼ੀਸਦੀ ਅੰਕ ਪ੍ਰਾਪਤ ਕਰ ਪਹਿਲਾਂ ਸਥਾਨ ਹਾਸਲ ਕੀਤਾ। ਗਗਨਦੀਪ ਕੌਰ ਸਪੁੱਤਰੀ ਗੁਰਪ੍ਰੀਤ ਸਿੰਘ, ਪਿੰਡ ਬਿਸ਼ਨਗੜ੍ਹ ਨੇ 81 ਫ਼ੀਸਦੀ ਅੰਕ ਪ੍ਰਾਪਤ ਕਰ ਦੂਜਾ ਸਥਾਨ ਹਾਸਲ ਕੀਤਾ ਅਤੇ ਅਰਸ਼ਦੀਪ ਕੌਰ ਸਪੁੱਤਰੀ ਹਰਪ੍ਰੀਤ ਸਿੰਘ, ਪਿੰਡ ਮੰਨਵੀਂ ਨੇ 80 ਫ਼ੀਸਦੀ ਅੰਕ ਪ੍ਰਾਪਤ ਕਰ ਤੀਜਾ ਸਥਾਨ ਹਾਸਲ ਕਰ ਕਾਲਜ ਅਤੇ ਆਪਣੇ ਮਾਤਾ-ਪਿਤਾ ਦਾ ਨਾਮ ਰੌਸ਼ਨ ਕੀਤਾ। ਇਸ ਮੌਕੇ ਕਾਲਜ ਦੇ ਸਰਪ੍ਰਸਤ ਤੇ ਮੁੱਖ ਸੰਚਾਲਕ ਡਾ. ਪਰਮਿੰਦਰ ਕੌਰ ਮੰਡੇਰ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਸਫਲਤਾ ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਸਾਂਝੇ ਉੱਦਮ ਦਾ ਨਤੀਜਾ ਹੈ। ਕਾਲਜ ਪ੍ਰਿੰਸੀਪਲ ਡਾ.ਜਗਦੀਪ ਕੌਰ ਅਹੂਜਾ, ਵਾਈਸ ਪ੍ਰਿੰਸੀਪਲ ਮੁਹੰਮਦ ਹਲੀਮ ਸਿਆਮਾ, ਕੋਆਰਡੀਨੇਟਰ ਡਾ. ਰਾਜੂ ਰੋਸ਼ਾ ਅਤੇ ਪ੍ਰੋ. ਇਕਬਾਲ ਸਿੰਘ, ਸਾਇੰਸ ਵਿਭਾਗ ਦੇ ਮੁਖੀ ਪ੍ਰੋ.ਹਰਜੋਤ ਕੌਰ, ਪ੍ਰੋ.ਸਾਦੀਆ ਸਲੀਮ ਅਤੇ ਸਮੂਹ ਪ੍ਰੋਫੈਸਰ ਸਾਹਿਬਾਨ ਨੇ ਵੀ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ। ਤਾਰਾ ਵਿਵੇਕ ਕਾਲਜ ਅਗਲੇ ਸ਼ੈਸਨ ਲਈ ਹੋਣਹਾਰ ਵਿਦਿਆਰਥੀਆਂ ਦਾ ਸਵਾਗਤ ਕਰਦਾ ਹੈ ਅਤੇ ਯਕੀਨੀ ਬਣਾਉਂਦਾ ਹੈ ਕਿ ਹਰ ਇੱਕ ਵਿਦਿਆਰਥੀ ਦੇ ਸੁਫ਼ਨੇ ਇਥੋਂ ਸੱਚ ਹੋਣਗੇ।

# ਸ੍ਰੀ ਵਿਜੇ ਰੁਪਾਣੀ ਦੇ ਸਦੀਵੀ ਵਿਛੋੜੇ ਨਾਲ ਪੰਜਾਬ ਭਾਜਪਾ ਨੂੰ ਵੱਡਾ ਘਾਟਾ ਪਿਆ ਹੈ: ਪ੍ਰੋ. ਸਰਚਾਂਦ ਸਿੰਘ ਖਿਆਲਾ



**ਅੰਮ੍ਰਿਤਸਰ,**

ਪੰਜਾਬ ਭਾਜਪਾ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਵੀ ਅਹਿਮਦਾਬਾਦ ਹਵਾਈ ਹਾਦਸੇ ਦੀ ਦੁਖਾਂਤ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ ਅਤੇ ਜਾਨਾਂ ਗੁਆਉਣ ਵਾਲਿਆਂ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਕਿਹਾ ਕਿ ਇਸ ਹਾਦਸੇ ਕਾਰਨ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਅਤੇ ਭਾਰਤੀ ਜਨਤਾ ਪਾਰਟੀ ਦੇ ਪੰਜਾਬ ਅਤੇ ਚੰਡੀਗੜ੍ਹ ਮਾਮਲਿਆਂ ਦੇ ਇੰਚਾਰਜ ਸ੍ਰੀ ਵਿਜੇ ਰੁਪਾਣੀ ਹਮੇਸ਼ਾ ਲਈ ਭਾਜਪਾ ਤੋਂ ਦੂਰ ਹੋ ਗਏ ਹਨ। ਜਿਸ ਕਾਰਨ ਭਾਜਪਾ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

# ਸਾਬਕਾ ਮੁੱਖ ਮੰਤਰੀ ਵਿਜੇ ਰੂਪਾਨੀ ਸਣੇ 200 ਤੋਂ ਵੱਧ ਮੌਤਾਂ 'ਤੇ ਬ੍ਰਹਮਪੁਰਾ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ

▲ ਬ੍ਰਹਮਪੁਰਾ ਨੇ 60 ਸਾਲ ਪੁਰਾਣੀ ਘਟਨਾ ਨੂੰ ਕੀਤਾ ਯਾਦ, ਕਿਹਾ - "ਇਤਿਹਾਸ ਨੇ ਦੁਖਦਾਈ ਢੰਗ ਨਾਲ ਆਪਣੇ ਆਪ ਨੂੰ ਦੁਹਰਾਇਆ

▲ ਸਾਬਕਾ ਵਿਧਾਇਕ ਬ੍ਰਹਮਪੁਰਾ ਨੇ ਪੀੜਤ ਪਰਿਵਾਰਾਂ ਲਈ ਅਰਦਾਸ ਕੀਤੀ

**ਤਰਨ ਤਾਰਨ**

ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਮੀਤ ਪ੍ਰਧਾਨ ਅਤੇ ਹਲਕਾ ਇੰਚਾਰਜ ਖਾਡੂਰ ਸਾਹਿਬ, ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਅਹਿਮਦਾਬਾਦ ਵਿਖੇ ਏਅਰ ਇੰਡੀਆ ਦਾ ਜਹਾਜ਼ ਹਾਦਸਾਗ੍ਰਸਤ ਹੋਣ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਇਹ ਇੱਕ ਕੌਮੀ ਤ੍ਰਾਸਦੀ ਹੈ ਜਿਸ ਨੇ ਪੂਰੇ ਦੇਸ਼ ਨੂੰ ਝੰਜੋੜ ਕੇ ਰੱਖ ਦਿੱਤਾ ਹੈ।

ਇੱਕ ਬਿਆਨ ਜਾਰੀ ਕਰਦਿਆਂ ਸ੍ਰ. ਬ੍ਰਹਮਪੁਰਾ ਨੇ ਕਿਹਾ ਕਿ ਇਹ ਬੇਹੱਦ ਦੁਖਦਾਈ ਹੈ ਕਿ ਲੰਡਨ ਜਾ ਰਹੇ ਇਸ ਜਹਾਜ਼ ਵਿੱਚ ਸਵਾਰ 242 ਲੋਕਾਂ ਵਿੱਚੋਂ 200 ਤੋਂ ਵੱਧ ਦੀ ਮੌਤ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਸਾਨੂੰ ਇਹ ਜਾਣ ਕੇ ਬਹੁਤ ਅਫ਼ਸੋਸ ਹੋਇਆ ਹੈ ਕਿ ਮਰਨ ਵਾਲਿਆਂ ਵਿੱਚ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਸ੍ਰੀ. ਵਿਜੇ ਰੂਪਾਨੀ ਤੋਂ ਇਲਾਵਾ 169 ਭਾਰਤੀ ਨਾਗਰਿਕ, 53 ਬ੍ਰਿਟਿਸ਼ ਨਾਗਰਿਕ, 7 ਪੁਰਤਗਾਲੀ ਅਤੇ 1 ਕੈਨੇਡੀਅਨ ਨਾਗਰਿਕ ਵੀ ਸ਼ਾਮਲ ਸਨ। ਇਹ ਹਾਦਸਾ



ਮਨੁੱਖੀ ਜਾਨਾਂ ਦਾ ਇੱਕ ਵੱਡਾ, ਨਾ ਪੂਰਾ ਹੋਣ ਵਾਲਾ ਘਾਟਾ ਹੈ।

ਸ੍ਰ. ਬ੍ਰਹਮਪੁਰਾ ਨੇ ਕਿਹਾ ਕਿ ਇਹ ਘਟਨਾ ਦੁਖਦਾਈ ਢੰਗ ਨਾਲ ਇਤਿਹਾਸ ਨੂੰ ਦੁਹਰਾਉਂਦੀ ਹੈ, ਜੋ ਸਾਨੂੰ ਛੇ ਦਹਾਕੇ ਪਹਿਲਾਂ ਗੁਜਰਾਤ ਦੇ ਇੱਕ ਹੋਰ ਮੁੱਖ ਮੰਤਰੀ ਸ੍ਰੀ. ਬਲਵੰਤ ਰਾਏ ਮਹਿਤਾ ਦੀ ਹਵਾਈ ਹਾਦਸੇ ਵਿੱਚ ਹੋਈ ਮੌਤ ਦੀ ਯਾਦ ਦਿਵਾਉਂਦੀ ਹੈ। ਉਡਾਣ ਭਰਨ ਤੋਂ ਕੁੱਝ ਮਿੰਟਾਂ ਬਾਅਦ ਹੀ ਜਹਾਜ਼ ਦਾ ਰਿਹਾਇਸ਼ੀ ਇਲਾਕੇ ਵਿੱਚ ਡਿੱਗਣਾ ਇੱਕ ਦਿਲ ਕੰਬਾਊ ਹਾਦਸਾ ਹੈ, ਜਿਸ ਨੇ ਅਨੇਕਾਂ ਪਰਿਵਾਰਾਂ ਨੂੰ ਉਜਾੜ ਦਿੱਤਾ ਹੈ।

ਸ਼੍ਰੋਮਣੀ ਅਕਾਲੀ ਦਲ ਇਸ ਦੁੱਖ ਦੀ ਘੜੀ ਵਿੱਚ ਦੇਸ਼ ਅਤੇ ਵਿਦੇਸ਼ ਵਿੱਚ ਵੱਸਦੇ ਸਾਰੇ ਪੀੜਤ ਪਰਿਵਾਰਾਂ ਦੇ ਨਾਲ ਖੜ੍ਹਾ ਹੈ। ਅਸੀਂ ਇਸ ਭਿਆਨਕ ਹਾਦਸੇ ਵਿੱਚ ਆਪਣੀਆਂ ਜਾਨਾਂ ਗੁਆਉਣ ਵਾਲੇ ਸਾਰੇ ਯਾਤਰੀਆਂ, ਚਾਲਕ ਦਲ ਦੇ ਮੈਂਬਰਾਂ ਅਤੇ ਜ਼ਮੀਨ 'ਤੇ ਮਾਰੇ ਗਏ ਨਿਰਦੋਸ਼ ਨਾਗਰਿਕਾਂ ਪ੍ਰਤੀ ਦਿਲੀ ਹਮਦਰਦੀ ਪ੍ਰਗਟ ਕਰਦੇ ਹਾਂ।

ਸਾਡੀ ਅਰਦਾਸ ਹੈ ਕਿ ਪ੍ਰਮਾਤਮਾ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿੱਚ ਸ਼ਾਂਤੀ ਬਖਸ਼ਣ ਅਤੇ ਸਾਰੇ ਸੋਗਗ੍ਰਸਤ ਪਰਿਵਾਰਾਂ ਨੂੰ ਇਹ ਭਾਰੀ ਸਦਮਾ ਸਹਿਣ ਦਾ ਬਲ ਬਖਸ਼ਣ।

# ਸੰਜੀਵ ਖੰਨਾ ਨੇ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੇ ਰੂਪਾਨੀ ਦੇ ਦੇਹਾਂਤ 'ਤੇ ਕੀਤਾ ਸ਼ੋਕ ਦਾ ਪ੍ਰਗਟਾਵਾ



**ਜ਼ੀਰਕਪੁਰ**

ਡੇਰਾਬੱਸੀ ਤੋਂ ਭਾਰਤੀ ਜਨਤਾ ਪਾਰਟੀ ਦੇ ਨੇਤਾ ਅਤੇ ਸੂਬਾ ਸਕੱਤਰ ਸੰਜੀਵ ਖੰਨਾ ਨੇ ਪੰਜਾਬ ਭਾਜਪਾ ਦੇ ਇੰਚਾਰਜ ਅਤੇ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੇ ਰੂਪਾਨੀ ਦੇ ਅਚਾਨਕ ਦੇਹਾਂਤ 'ਤੇ ਡੂੰਘਾ ਦੁੱਖ ਅਤੇ ਦੁੱਖ ਪ੍ਰਗਟ ਕੀਤਾ। ਮਰਹੂਮ ਨੇਤਾ ਅੱਜ ਗੁਜਰਾਤ ਦੇ ਅਹਿਮਦਾਬਾਦ ਵਿੱਚ ਏਅਰ ਇੰਡੀਆ ਦੇ ਬੋਇੰਗ 787 ਡ?ਰੀਮਲਾਈਨਰ ਜਹਾਜ਼ ਹਾਦਸੇ ਵਿੱਚ ਆਪਣੀ ਜਾਨ ਗੁਆਉਣ ਵਾਲੇ ਯਾਤਰੀਆਂ ਵਿੱਚੋਂ ਇੱਕ ਸਨ। ਖੰਨਾ ਨੇ ਮਰਹੂਮ ਨੇਤਾ ਅਤੇ ਲੰਡਨ ਜਾ ਰਹੇ ਹੋਰ ਸਾਰੇ ਮ੍ਰਿਤਕ ਯਾਤਰੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ। ਦੁਖਦਾਈ ਜਹਾਜ਼ ਹਾਦਸੇ ਦੀ ਖ਼ਬਰ ਨੇ ਪੂਰੇ ਦੇਸ਼ ਨੂੰ ਸਦਮੇ ਅਤੇ ਸੋਗ ਵਿੱਚ ਪਾ ਦਿੱਤਾ ਹੈ। ਰਾਜ ਸਕੱਤਰ ਸੰਜੀਵ ਖੰਨਾ, ਜਿਨ੍ਹਾਂ ਨੇ ਵਿਜੇ ਰੂਪਾਨੀ ਨਾਲ ਨੇੜਿਓਂ ਕੰਮ ਕੀਤਾ ਸੀ, ਨੇ ਮਰਹੂਮ ਨੇਤਾ ਦੇ ਪਰਿਵਾਰ ਅਤੇ ਦੋਸਤਾਂ ਪ੍ਰਤੀ ਦਿਲੋਂ ਸੰਵੇਦਨਾ ਪ੍ਰਗਟ ਕੀਤੀ। ਉਨ੍ਹਾਂ ਨੇ ਰੂਪਾਨੀ ਨੂੰ ਇੱਕ ਗਤੀਸ਼ੀਲ ਅਤੇ ਸਮਰਪਿਤ ਨੇਤਾ ਦੱਸਿਆ ਜਿਸਨੂੰ ਲੋਕਾਂ ਦੀਆਂ ਜ਼ਰੂਰਤਾਂ ਅਤੇ ਇੱਛਾਵਾਂ ਦੀ ਡੂੰਘੀ ਸਮਝ ਸੀ। ਖੰਨਾ ਨੇ ਗੁਜਰਾਤ ਦੇ ਵਿਕਾਸ ਵਿੱਚ ਰੂਪਾਨੀ ਦੇ ਯੋਗਦਾਨ ਅਤੇ ਪਾਰਟੀ ਪ੍ਰਤੀ ਉਨ੍ਹਾਂ ਦੀ ਅਟੁੱਟ ਵਚਨਬੱਧਤਾ ਦੀ ਵੀ ਪ੍ਰਸ਼ੰਸਾ ਕੀਤੀ। ਸੰਜੀਵ ਖੰਨਾ ਨੇ ਇਸ ਮੰਦਭਾਗੀ ਘਟਨਾ ਵਿੱਚ ਜਾਨ ਗੁਆਉਣ ਵਾਲੇ ਹੋਰ ਸਾਰੇ ਯਾਤਰੀਆਂ ਦੇ ਪਰਿਵਾਰਾਂ ਪ੍ਰਤੀ ਵੀ ਹਮਦਰਦੀ ਪ੍ਰਗਟ ਕੀਤੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਨੁਕਸਾਨ ਸਿਰਫ਼ ਇੱਕ ਨਿੱਜੀ ਦੁਖਾਂਤ ਨਹੀਂ ਹੈ, ਸਗੋਂ ਪੂਰੇ ਦੇਸ਼ ਲਈ ਘਾਟਾ ਹੈ। ਖੰਨਾ ਨੇ ਸਾਰਿਆਂ ਨੂੰ ਇਸ ਮੁਸ਼ਕਲ ਸਮੇਂ ਦੌਰਾਨ ਵਿਛੜੀਆਂ ਰੂਹਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਪ੍ਰਾਰਥਨਾ ਕਰਨ ਦੀ ਅਪੀਲ ਕੀਤੀ। ਉਨ੍ਹਾਂ ਇਹ ਵੀ ਭਰੋਸਾ ਦਿੱਤਾ ਕਿ ਭਾਜਪਾ ਪਰਿਵਾਰਾਂ ਦੇ ਨਾਲ ਖੜ੍ਹੀ ਰਹੇਗੀ ਅਤੇ ਹਰ ਜ਼ਰੂਰੀ ਸਹਾਇਤਾ ਪ੍ਰਦਾਨ ਕਰੇਗੀ। ਭਾਜਪਾ ਨੇਤਾ ਨੇ ਇਹ ਕਹਿ ਕੇ ਸਮਾਪਤ ਕੀਤਾ ਕਿ ਵਿਜੇ ਰੂਪਾਨੀ ਦਾ ਅਚਾਨਕ ਦੇਹਾਂਤ ਪਾਰਟੀ ਅਤੇ ਦੇਸ਼ ਲਈ ਇੱਕ ਵੱਡਾ ਘਾਟਾ ਹੈ। ਉਨ੍ਹਾਂ ਸਾਰਿਆਂ ਨੂੰ ਅਪੀਲ ਕੀਤੀ ਕਿ ਉਹ ਮਰਹੂਮ ਨੇਤਾ ਦੇ ਯੋਗਦਾਨ ਨੂੰ ਯਾਦ ਰੱਖਣ ਅਤੇ ਇੱਕ ਬਿਹਤਰ ਭਾਰਤ ਲਈ ਉਨ੍ਹਾਂ ਦੇ ਦ੍ਰਿਸ਼ਟੀਕੋਣ ਨੂੰ ਪੂਰਾ ਕਰਨ ਲਈ ਕੰਮ ਕਰਦੇ ਰਹਿਣ। ਖੰਨਾ ਨੇ ਮੀਡੀਆ ਅਤੇ ਜਨਤਾ ਨੂੰ ਇਸ ਮੁਸ਼ਕਲ ਸਮੇਂ ਦੌਰਾਨ ਮ੍ਰਿਤਕਾਂ ਦੇ ਪਰਿਵਾਰਾਂ ਦੀ ਨਿੱਜਤਾ ਦਾ ਸਤਿਕਾਰ ਕਰਨ ਦੀ ਵੀ ਬੇਨਤੀ ਕੀਤੀ। ਵਿਜੇ ਰੂਪਾਨੀ 3 ਸਾਲਾਂ ਤੋਂ ਪੰਜਾਬ ਅਤੇ ਚੰਡੀਗੜ੍ਹ ਭਾਜਪਾ ਦੇ ਇੰਚਾਰਜ ਸਨ। ਉਨ੍ਹਾਂ ਨੇ 3 ਦਿਨ ਪਹਿਲਾਂ ਲੁਧਿਆਣਾ ਦੇ ਪੱਛਮੀ ਹਲਕੇ ਦੀ ਉਪ ਚੋਣ ਵਿੱਚ ਪਾਰਟੀ ਉਮੀਦਵਾਰ ਜੀਵਨ ਗੁਪਤਾ ਲਈ ਪ੍ਰਚਾਰ ਕੀਤਾ ਸੀ। ਇਸ ਤੋਂ ਪਹਿਲਾਂ 3 ਜੂਨ ਨੂੰ ਉਨ੍ਹਾਂ ਨੇ ਪਾਰਟੀ ਉਮੀਦਵਾਰ ਜੀਵਨ ਗੁਪਤਾ ਦੀ ਨਾਮਜ਼ਦਗੀ ਦਾਖਲ ਕੀਤੀ ਸੀ। ਉਹ 9 ਜੂਨ ਨੂੰ ਲੁਧਿਆਣਾ ਤੋਂ ਗੁਜਰਾਤ ਲਈ ਰਵਾਨਾ ਹੋਏ ਸਨ। ਭਾਜਪਾ ਨੇਤਾ ਉਨ੍ਹਾਂ ਨੂੰ ਹਵਾਈ ਅੱਡੇ 'ਤੇ ਛੱਡਣ ਲਈ ਆਏ ਸਨ।

# ਅਹਿਮਦਾਬਾਦ ਜਹਾਜ਼ ਹਾਦਸਾ ਤੇ ਕੀਤਾ ਡੂੰਘੇ ਦੁੱਖ ਦਾ ਪ੍ਰਗਟਾਵਾ:ਬੱਲ ਮਲਕੀਤ ਸਿੰਘ



**ਅੰਮ੍ਰਿਤਸਰ**

ਅਹਿਮਦਾਬਾਦ ਵਿੱਚ ਏਅਰ ਇੰਡੀਆ ਦੇ ਜਹਾਜ਼ ਹਾਦਸੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਇਸ ਘਟਨਾ ਨੂੰ ਬਹੁਤ ਹੀ ਦੁਖਦਾਈ ਅਤੇ ਦਰਦਨਾਕ ਦੱਸਦਿਆ ਮਹਾਰਾਸ਼ਟਰ ਰਾਜ ਪੰਜਾਬੀ ਸਾਹਿਤ ਅਕਾਦਮੀ ਦੇ ਚੇਅਰਮੈਨ ਬੱਲ ਮਲਕੀਤ ਸਿੰਘ ਨੇ ਕਿਹਾ ਕਿ ਇਸ ਦੁੱਖ ਦੀ ਘੜੀ ਵਿੱਚ ਮੇਰੀਆਂ ਸੰਵੇਦਨਾਵਾਂ ਸਾਰੇ ਪ੍ਰਭਾਵਿਤ ਪਰਿਵਾਰਾਂ ਨਾਲ ਹਨ ਅਤੇ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਅਤੇ ਭਾਜਪਾ ਪੰਜਾਬ ਇੰਚਾਰਜ ਵਿਜੇ ਰੂਪਾਨੀ ਦੀ ਮੌਤ 'ਤੇ ਦੁੱਖ ਪ੍ਰਗਟ ਕੀਤਾ, ਜਿਨ੍ਹਾਂ ਦੀ ਅਹਿਮਦਾਬਾਦ ਜਹਾਜ਼ ਹਾਦਸੇ ਵਿੱਚ ਮੌਤ ਹੋ ਗਈ ਸੀ। ਉਨ੍ਹਾਂ ਕਿਹਾ ਕਿ ਪਰਮਾਤਮਾ ਉਨ੍ਹਾਂ ਦੀ ਆਤਮਾ ਨੂੰ ਸ਼ਾਂਤੀ ਦੇਵੇ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਇਸ ਦੁੱਖ ਦੀ ਘੜੀ ਵਿੱਚ ਹਿੰਮਤ ਦੇਵੇ ਬੱਲ ਨੇ ਕਿਹਾ ਕਿ ਅਹਿਮਦਾਬਾਦ ਵਿੱਚ ਹੋਏ ਇਸ ਹਾਦਸੇ ਸਮੇਂ ਮਹਾਰਾਸ਼ਟਰ ਸਿੱਖ ਸਮਾਜ ਪੀੜਤਾਂ ਦੇ ਨਾਲ ਹੈ। ਇਹ ਘਟਨਾ ਦਿਲ ਨੂੰ ਦਹਿਲਾ ਦੇਣ ਵਾਲੀ ਹੈ ਅਤੇ ਉਹ ਪਰਮਾਤਮਾ ਅੱਗੇ ਅਰਦਾਸ ਕਰਦੇ ਹਨ ਕਿ ਜੋ ਲੋਕ ਗੰਭੀਰ ਰੂਪ ਵਿੱਚ ਜ਼ਖਮੀ ਹਨ ਉਹ ਜਲਦੀ ਠੀਕ ਹੋ ਕੇ ਘਰ ਵਾਪਸ ਆਉਣ ਇਹ ਘਟਨਾ ਬਹੁਤ ਵੱਡੀ ਹੈ, ਸਰਕਾਰ ਨੂੰ ਜਲਦੀ ਤੋਂ ਜਲਦੀ ਰਾਹਤ ਪ੍ਰਦਾਨ ਕਰਨੀ ਚਾਹੀਦੀ ਹੈ ਅਤੇ ਇਸਦੀ ਪੂਰੀ ਜਾਂਚ ਹੋਣੀ ਚਾਹੀਦੀ ਹੈ ਤਾਂ ਜੋ ਭਵਿੱਖ ਵਿੱਚ ਅਜਿਹੀ ਘਟਨਾ ਨਾ ਵਾਪਰੇ।

# ਦਮਦਮੀ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਨੇ ਹਵਾਈ ਹਾਦਸੇ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ ਹੈ

**ਅੰਮ੍ਰਿਤਸਰ**



ਦਮਦਮੀ ਟਕਸਾਲ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਨੇ ਗੁਜਰਾਤ ਦੇ ਅਹਿਮਦਾਬਾਦ ਤੋਂ ਲੰਡਨ ਜਾ ਰਹੀ ਏਅਰ ਇੰਡੀਆ ਦੀ ਉਡਾਣ 19 171 ਦੇ ਅਹਿਮਦਾਬਾਦ ਵਿਖੇ ਹੋਏ ਹਵਾਈ ਹਾਦਸੇ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਹਾਦਸਾ ਦਿਲ ਨੂੰ ਗਹਿਰਾ ਸਦਮਾ ਦੇਣ ਵਾਲਾ ਹੈ, ਸਾਡੀਆਂ ਭਾਵਨਾਵਾਂ ਪੀੜਤਾਂ ਦੇ ਪਰਿਵਾਰਾਂ ਅਤੇ ਅਜ਼ੀਜ਼ਾਂ ਨਾਲ ਹਨ। ਉਨ੍ਹਾਂ ਨੇ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਅਤੇ ਭਾਜਪਾ ਦੇ ਪੰਜਾਬ ਅਤੇ ਚੰਡੀਗੜ੍ਹ ਮਾਮਲਿਆਂ ਦੇ ਇੰਚਾਰਜ ਸ੍ਰੀ ਵਿਜੇ ਰੂਪਾਨੀ ਸਮੇਤ ਇਸ ਦੁਖਦਾਈ ਹਾਦਸੇ ਵਿੱਚ ਆਪਣੀਆਂ ਕੀਮਤੀ ਜਾਨਾਂ ਗੁਆਉਣ ਵਾਲੇ ਸਾਰੇ ਯਾਤਰੀਆਂ ਅਤੇ ਹਾਦਸੇ ਦੀ ਲਪੇਟ 'ਚ ਆਏ ਸਥਾਨਕ ਮੈਡੀਕਲ ਕਾਲਜ ਦੇ ਡਾਕਟਰਾਂ ਦੇ ਰਿਹਾਇਸ਼ੀ ਅਤੇ ਹੋਸਟਲ ਇਮਾਰਤ ਵਿੱਚ ਮੌਜੂਦ ਲੋਕਾਂ ਦੇ ਪਰਿਵਾਰਾਂ ਨਾਲ ਦੁੱਖ ਸਾਂਝਾ ਕੀਤਾ। ਉਨਾਂ ਹਾਦਸੇ ਦਾ ਸ਼ਿਕਾਰ ਹੋਣ ਵਾਲੇ ਜ਼ਖਮੀਆਂ ਦੇ ਜਲਦੀ ਸਿਹਤਯਾਬ ਹੋਣ ਦੀ ਕਾਮਨਾ ਕੀਤੀ ਅਤੇ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਇਸ ਘਟਨਾ ਵਿੱਚ ਆਪਣੀਆਂ ਜਾਨਾਂ ਗੁਆਉਣ ਵਾਲਿਆਂ ਦੀਆਂ ਆਤਮਾਵਾਂ ਨੂੰ ਸ਼ਾਂਤੀ ਦੇਣ ਅਤੇ ਪੀੜਤਾਂ ਦੇ ਪਰਿਵਾਰਾਂ ਅਤੇ ਉਨ੍ਹਾਂ ਦੇ ਅਜ਼ੀਜ਼ਾਂ ਨੂੰ ਇਸ ਘਾਟੇ ਨੂੰ ਸਹਿਣ ਕਰਨ ਦੀ ਤਾਕਤ ਦੇਣ।

# ਵਿਕਸਿਤ ਕ੍ਰਿਸ਼ੀ ਸੰਕਲਪ ਅਭਿਆਨ ਤਹਿਤ ਲਗਾਏ ਗਏ ਜਾਗਰੂਕਤਾ ਕੈਂਪ



**ਮੋਹਾਲੀ**

ਅੱਜ ਕੇ.ਵੀ.ਕੇ. ਮੋਹਾਲੀ ਦੁਆਰਾ ਚੰਡੀਗੜ੍ਹ ਯੂਨੀਵਰਸਿਟੀ, ਘੜੂੰਆਂ, ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਐਸ.ਏ.ਐਸ. ਨਗਰ ਦੇ ਸਹਿਯੋਗ ਨਾਲ ਵਿਕਸਿਤ ਕ੍ਰਿਸ਼ੀ ਸੰਕਲਪ ਅਭਿਆਨ ਦਾ ਸਮਾਪਨ ਸਮਾਰੋਹ ਚੰਡੀਗੜ੍ਹ ਯੂਨੀਵਰਸਿਟੀ, ਘੜੂੰਆਂ ਵਿਖੇ ਆਯੋਜਿਤ ਕੀਤਾ ਗਿਆ।

ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਖੇਤੀ ਅਤੇ ਕਿਸਾਨ ਭਲਾਈ ਮੰਤਰੀ ਪੰਜਾਬ ਸ. ਗੁਰਮੀਤ ਸਿੰਘ ਖੁੱਡੀਆ, ਵਿਸ਼ੇਸ਼ ਮਹਿਮਾਨ ਡਾ. ਰਵਿੰਦਰ ਸਿੰਘ ਗਰੇਵਾਲ, ਨਿਰਦੇਸ਼ਕ ਪਸਾਰ ਸਿੱਖਿਆ, ਗੁਰੂ ਅੰਗਦ ਦੇਵ ਵੈਟਨਰੀ ਅਤੇ ਪਸ਼ੂ ਵਿਗਿਆਨ ਯੂਨੀਵਰਸਿਟੀ, ਲੁਧਿਆਣਾ ਅਤੇ ਡਾ. ਜਸਵੰਤ ਸਿੰਘ ਨਿਰਦੇਸ਼ਕ, ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਸਨ।

ਇਸ ਪ੍ਰੋਗਰਾਮ ਦੇ ਦੌਰਾਨ ਸ. ਖੁਡੀਆ ਨੇ ਕਿਸਾਨਾਂ ਨੂੰ ਖੇਤੀ ਵਿਭਿੰਨਤਾ ਦੇ ਨਾਲ-ਨਾਲ ਪਸ਼ੂ ਪਾਲਣ ਜਿਵੇਂ ਗਾਂ ਮੱਝ, ਬੱਕਰੀ, ਮੁਰਗੀ ਆਦਿ ਪਾਲਣ ਲਈ ਪ੍ਰੇਰਿਤ ਕੀਤਾ। ਡਾ. ਆਰ.ਐਸ. ਗਰੇਵਾਲ ਨੇ ਗੁਰੂ ਅੰਗਦ ਦੇਵ ਵੈਟਨਰੀ ਅਤੇ ਪਸ਼ੂ ਵਿਗਿਆਨ ਯੂਨੀਵਰਸਿਟੀ, ਲੁਧਿਆਣਾ ਦੁਆਰਾ ਦਿੱਤੇ ਜਾਣ ਵਾਲੇ ਸਿਖਲਾਈ ਕੋਰਸ ਅਤੇ ਹੋਰ ਸੁਵਿਧਾਵਾਂ ਦੇ ਬਾਰੇ ਦੱਸਿਆ। ਡਾ. ਜਸਵੰਤ ਸਿੰਘ ਨੇ ਕਿਸਾਨਾਂ ਨੂੰ ਸਰਕਾਰ ਦੀ ਸਕੀਮਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਤੇ ਕਿਸਾਨ ਵਿਗਿਆਨਿਕ ਚਰਚਾ ਦਾ ਆਯੋਜਨ ਕੀਤਾ ਗਿਆ।

ਡਾ. ਬਲਬੀਰ ਸਿੰਘ ਖੱਦਾ ਨੇ ਜੈਵਿਕ ਖੇਤੀ, ਕੁਦਰਤੀ ਖੇਤੀ ਅਤੇ ਖੇਤੀ ਵਿਭਿੰਨਤਾ ਬਾਰੇ ਜਾਣਕਾਰੀ ਦਿੱਤੀ। ਇਸ ਪ੍ਰੋਗਰਾਮ ਦੌਰਾਨ ਇਲਾਕੇ ਦੇ ਅਗਾਂਹਵਧੂ ਕਿਸਾਨ ਵੀਰਾਂ ਅਤੇ ਭੈਣਾਂ ਨੂੰ ਸਨਮਾਨਿਤ ਕੀਤਾ ਗਿਆ। ਡਾ. ਗੁਰਸ਼ਮਿੰਦਰ ਸਿੰਘ, ਅਸਿਸਟੈਂਟ ਡੀਨ ਸਾਇੰਸ ਨੇ ਮੰਚ ਦਾ ਸੰਚਾਲਨ ਕੀਤਾ। ਇਸ ਪ੍ਰੋਗਰਾਮ ਤੋਂ ਇਲਾਵਾ ਕ੍ਰਿਸ਼ੀ ਵਿਗਿਆਨ ਕੇਂਦਰ ਟੀਮ ਦੁਆਰਾ ਪਿੰਡ ਹਸਨਪੁਰ, ਰੌੜਾ, ਖੇੜਾ, ਮਾਣਕਪੁਰ ਸ਼ਰੀਫ ਅਤੇ ਸਲੇਮਪੁਰ ਕਲਾਂ ਵਿੱਚ ਡਾ. ਪਾਰੁਲ ਗੁਪਤਾ, ਡਾ. ਹਰਮੀਤ ਕੌਰ, ਡਾ. ਮੁਨੀਸ਼ ਸ਼ਰਮਾ, ਡਾ. ਗੁਲਗੁਲ ਸਿੰਘ ਅਤੇ ਡਾ. ਸੁਭਾਸ਼ ਚੰਦਰ ਵੱਲੋਂ ਵੀ ਜਾਗਰੂਕਤਾ ਕੈਂਪ ਲਗਾਏ ਗਏ।

# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਪੁਲਿਸ ਹੱਥ ਲੱਗੀ ਵੱਡੀ ਕਾਮਯਾਬੀ

## ਦੋ ਵਿਅਕਤੀ 14 ਕਿਲੋ 370 ਗ੍ਰਾਮ ਅਫੀਮ ਸਮੇਤ ਗ੍ਰਿਫਤਾਰ

**ਮੋਹਾਲੀ**

ਸਰਕਾਰ ਦੁਆਰਾ ਚਲਾਈ ਜਾ ਰਹੀ ਮੁਹਿੰਮ 'ਯੁੱਧ ਨਸ਼ਿਆ ਵਿੱਰੁਧ' ਤਹਿਤ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਪੁਲਿਸ ਹੱਥ ਉਸ ਸਮੇਂ ਵੱਡੀ ਕਾਮਯਾਬੀ ਲੱਗੀ ਜਦੋਂ ਜ਼ਿਲਾ ਪੁਲਿਸ ਨੇ ਦੋ ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕਰਕੇ ਉਹਨਾਂ ਪਾਸੋਂ 14 ਕਿਲੋ 370 ਗ੍ਰਾਮ ਅਫੀਮ ਬਰਾਮਦ ਕੀਤੀ।

ਐਸ ਐਸ ਪੀ ਹਰਮਨਦੀਪ ਸਿੰਘ ਹਾਂਸ ਦੇ ਦਿਸ਼ਾ ਨਿਰਦੇਸ਼ਾਂ ਤੇ ਇਸ ਪ੍ਰਾਪਤੀ ਬਾਰੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਸ੍ਰੀ ਮਨਪ੍ਰੀਤ ਸਿੰਘ, ਕਪਤਾਨ ਪੁਲਿਸ ਦਿਹਾਤੀ, ਸ੍ਰੀ ਤਲਵਿੰਦਰ ਸਿੰਘ ਗਿੱਲ, ਐਸ.ਪੀ. ਆਪਰੇਸ਼ਨਸ ਤੇ ਸ੍ਰੀ ਨਵੀਨਪਾਲ ਸਿੰਘ ਲਹਿਲ, ਉੱਪ ਕਪਤਾਨ ਪੁਲਿਸ ਡੇਰਾਬਸੀ ਨੇ ਦੱਸਿਆ ਕਿ ਇੰਸ. ਸਿਮਰਨ ਸਿੰਘ ਮੁੱਖ ਅਫਸਰ ਥਾਣਾ ਲਾਲੜੂ ਦੀ ਨਿਗਰਾਨੀ ਅਧੀਨ, ਥਾਣਾ ਲਾਲੜੂ ਪੁਲਿਸ ਵੱਲੋਂ ਨਸ਼ਾ ਤਸਕਤਾਂ ਪਾਸੋਂ ਇਹ ਬਰਾਮਦਗੀ ਕੀਤੀ ਗਈ ਹੈ।



ਐਸ ਪੀ (ਦਿਹਾਤੀ) ਮਨਪ੍ਰੀਤ ਸਿੰਘ ਨੇ ਦੱਸਿਆ ਕਿ ਨੂੰ ਮਿਤੀ 11/06/2025 ਨੂੰ ਥਾਣੇਦਾਰ ਰਾਜਿੰਦਰ ਸਿੰਘ ਵੱਲੋਂ ਸਮੇਤ ਪੁਲਿਸ ਪਾਰਟੀ ਗਸ਼ਤ ਦੌਰਾਨ ਘੋਲੂਮਾਜਰਾ ਬੱਸ ਸਟਾਪ ਮੇਨ ਹਾਈਵੇਅ ਅੰਬਾਲਾ ਤੋਂ ਚੰਡੀਗੜ੍ਹ ਵਿਖੇ, ਇੱਕ ਇਨੋਵਾ ਕਾਰ ਨੰ. UK @H AS @C@@ ਖੜੀ ਦੇਖੀ, ਜਿਸ ਵਿੱਚ ਸਵਾਰ ਦੋ ਨੌਜੁਆਨਾਂ ਰਣਜੋਧ ਸਿੰਘ ਪੁੱਤਰ ਸਿਤਾਰਾ ਸਿੰਘ ਵਾਸੀ ਪਿੰਡ ਮੱਦਰ, ਥਾਣਾ ਖਾਲੜਾ, ਜ਼ਿਲ੍ਹਾ ਤਰਨਤਾਰਨ, ਜਸਵੀਰ ਸਿੰਘ ਪੁੱਤਰ ਅੰਗਰੇਜ ਸਿੰਘ ਵਾਸੀ ਪਿੰਡ ਮਾੜੀ, ਥਾਣਾ ਭਿਖੀਵਿੰਡ, ਜ਼ਿਲ੍ਹਾ ਤਰਨਤਾਰਨ ਨੇ ਪੁਲਿਸ ਪਾਰਟੀ ਨੂੰ ਦੇਖ ਕੇ ਮੌਕੇ ਤੋਂ ਭੱਜਣ ਦੀ ਕੋਸ਼ਿਸ਼ ਕੀਤੀ, ਜਿਨ੍ਹਾਂ ਨੂੰ ਕਾਬੂ ਕੀਤਾ ਗਿਆ। ਉਨ੍ਹਾਂ ਕੋਲ ਕੋਈ ਨਸ਼ੀਲਾ ਪਦਾਰਥ ਹੋਣ ਦਾ ਸ਼ੱਕ ਹੋਣ ਤੇ ਮੌਕੇ ਤੇ ਸ੍ਰੀ ਨਵੀਨਪਾਲ ਸਿੰਘ, ਉਪ ਕਪਤਾਨ ਪੁਲਿਸ, ਸਬ ਡਵੀਜਨ ਡੇਰਾਬੱਸੀ ਨੂੰ ਬੁਲਾਇਆ ਗਿਆ। ਡੀ ਐਸ ਪੀ ਸਬ ਡਿਵੀਜ਼ਨ ਦੀ ਹਾਜ਼ਰੀ ਵਿੱਚ ਕਾਰ ਵਿੱਚ ਰੱਖੇ ਬੈਗ ਵਿੱਚੋ 2 ਮੋਮੀ ਲਿਫਾਫਿਆ ਵਿੱਚੋਂ ਕੁੱਲ 14 ਕਿਲੋ 370 ਗ੍ਰਾਮ (ਇੱਕ ਵਿੱਚੋਂ 7 ਕਿਲੋ 545 ਗ੍ਰਾਮ ਅਤੇ ਦੂਜੇ ਲਿਫਾਫੇ ਵਿੱਚੋਂ 6 ਕਿਲੋ 825 ਗ੍ਰਾਮ) ਅਫੀਮ ਬ੍ਰਾਮਦ ਹੋਈ, ਜਿਸ ਤੇ ਉਕਤ ਦੋਸ਼ੀਆਂ ਖਿਲਾਫ਼ ਮੁਕੱਦਮਾ ਨੰਬਰ 87, ਮਿਤੀ 11.06.2025, ਅਧੀਨ ਧਾਰਾ 18/61/85 ਐਨ ਡੀ ਪੀ ਐਸ ਐਕਟ, ਥਾਣਾ ਲਾਲੜੂ ਵਿਖੇ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਗਿਆ।

ਉਨ੍ਹਾਂ ਅੱਗੇ ਦੱਸਿਆ ਕਿ ਤਫਤੀਸ਼ ਦੌਰਾਨ ਪਾਇਆ ਗਿਆ ਕਿ ਦੋਸ਼ੀ ਰਣਜੋਧ ਸਿੰਘ ਦੇ ਖਿਲਾਫ ਮੁਕੱਦਮਾ ਨੰ 208 ਮਿਤੀ 24/06/2021 ਅ/ਧ 21/61/85 ਐਨ.ਡੀ.ਪੀ.ਐਸ. ਐਕਟ ਥਾਣਾ ਜੰਡਿਆਲਾ ਗੁਰੂ, ਅਮ੍ਰਿਤਸਰ ਦਿਹਾਤੀ (ਰਿਕਵਰੀ 28 ਗ੍ਰਾਮ ਹੀਰੋਇਨ) ਅਤੇ ਦੋਸ਼ੀ ਜਸਬੀਰ ਸਿੰਘ ਦੇ ਖਿਲਾਫ਼ ਮੁਕੱਦਮਾ ਨੰਬਰ 06, ਮਿਤੀ 07 ਜੂਨ 2019 ਅਧੀਨ ਧਾਰਾ18,29/61/85 ਐਨ ਡੀ ਪੀ ਐਸ ਐਕਟ, ਥਾਣਾ ਜੰਡਿਆਲਾ ਗੁਰੂ, ਅੰਮ੍ਰਿਤਸਰ ਦਿਹਾਤੀ (ਬਰਾਮਦਗੀ 4 ਕਿੱਲੋ 800 ਗ੍ਰਾਮ ਅਫੀਮ) ਦਰਜ ਹਨ। ਉਨ੍ਹਾਂ ਦੱਸਿਆ ਕਿ ਦੋਸ਼ੀਆਂ ਨੂੰ ਅਦਾਲਤ ਵਿਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ ਜਾ ਰਿਹਾ ਹੈ।

# ਕੈਨੇਡਾ ਅਤੇ ਭਾਰਤ ਦੇ ਸੰਬੰਧਾਂ ਨੂੰ ਸੁਧਾਰਨ ਚ ਕੈਨੇਡਾ ਤੋਂ ਪੰਜਾਬ ਨੂੰ ਸਿੱਧੀਆਂ ਹਵਾਈ ਉਡਾਣਾਂ ਸਾਜਗਾਰ ਹੋ ਸਕਦੀਆਂ ਹਨ:- ਇੰਜ ਦਲਜੀਤ ਸਿੰਘ ਕੋਹਲੀ

**ਅੰਮ੍ਰਿਤਸਰ**

ਪੰਜਾਬੀਆਂ ਦੀ ਪਹਿਲੀ ਪੀੜ੍ਹੀ ਨੂੰ ਕੈਨੇਡਾ ਚ ਚੰਗੇ ਭਵਿੱਖ ਲਈ ਆਇਆ 125 ਸਾਲ ਤੋਂ ਜ਼ਿਆਦਾ ਸਮਾਂ ਹੋ ਚੁੱਕਾ ਹੈ। ਪਰ ਇਤਨਾਂ ਸਮਾਂ ਬੀਤਣ ਤੋਂ ਬਾਅਦ ਵੀ ਪੰਜਾਬੀਆਂ ਦਾ ਮੋਹ ਪੰਜਾਬ ਅਤੇ ਭਾਰਤ ਲਈ ਨਹੀਂ ਘਟਿਆ। ਦੇਸ਼ ਨੂੰ ਆਜ਼ਾਦ ਕਰਵਾਉਣ ਤੋਂ ਪਹਿਲਾਂ ਅਤੇ ਬਾਅਦ ਵਿੱਚ ਦੇਸ਼ ਦੀ ਰੱਖਿਆ ਵਾਸਤੇ ਕੁਰਬਾਨੀਆਂ ਦੇਣ ਵਾਲੇ ਪੰਜਾਬੀ ਸਿੱਖ ਸੂਰਮਿਆਂ ਦੀ ਔਲਾਦ ਅੱਜ ਵੀ ਆਪਣੇ ਵਤਨ ਨੂੰ ਬਹੁਤ ਪਿਆਰ ਕਰਦੀ ਹੈ, ਬੇਸ਼ੱਕ ਓਹ ਕੈਨੇਡਾ ਵਿੱਚ ਖੁਸ਼ਹਾਲ ਜੀਵਨ ਬਤੀਤ ਕਰ ਰਹੇ ਹਨ। ਜਿਸ ਕਰਕੇ ਹਰ ਸਾਲ ਛੁੱਟੀਆਂ ਵਿੱਚ ਆਪਣੇ ਰਿਸ਼ਤੇਦਾਰਾਂ ਅਤੇ ਦੋਸਤਾਂ ਮਿੱਤਰਾਂ ਨੂੰ ਮਿਲਣ ਅਤੇ ਉਹਨਾਂ ਦੇ ਧਾਰਮਿਕ ਅਤੇ ਸਮਾਜਿਕ ਸਮਾਗਮਾਂ ਵਿੱਚ ਹਾਜ਼ਰ ਹੋ ਕੇ ਮਾਣ ਮਹਿਸੂਸ ਕਰਦੇ ਹਨ ਅਤੇ ਹਜ਼ਾਰਾਂ ਡਾਲਰ ਖਰਚ ਕਰਕੇ ਵਾਪਸ ਆਉਂਦੇ ਹਨ। ਇਸ ਤਰ੍ਹਾਂ ਭਾਰਤ ਨੂੰ ਜਿੱਥੇ ਹਜ਼ਾਰਾਂ ਡਾਲਰ ਵਿਦੇਸ਼ੀ ਮੁਦਰਾ ਦੇ ਰੂਪ ਵਿੱਚ ਮਿਲਦੇ ਹਨ, ਉੱਥੇ ਹੀ ਹਜ਼ਾਰਾਂ ਟੈਕਸੀ ਡਰਾਈਵਰਾਂ ਨੂੰ, ਘਰੇਲੂ ਕੰਮ ਕਰਨ ਵਾਲਿਆਂ ਨੂੰ, ਦੁਕਾਨਦਾਰਾਂ ਨੂੰ ਵੀ ਲਾਭ ਹੁੰਦਾ ਹੈ। ਪਰ ਇੱਕ ਗੱਲ ਹਮੇਸ਼ਾ ਦੁਖਦਾਈ ਹੈ ਕਿ ਲਗਭਗ 11,000 ਕਿਲੋਮੀਟਰ ਦਾ ਸਫ਼ਰ ਜੋ ਵੈਨਕੂਵਰ ਤੋਂ ਲੁਧਿਆਣਾ ਤੱਕ



ਹੈ, ਵਾਸਤੇ ਕੋਈ ਸਿੱਧੀ ਉਡਾਣ ਨਹੀਂ ਹੈ ਜਦ ਕਿ ਪੰਜਾਬ ਵਿੱਚ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਚੰਡੀਗੜ੍ਹ 2 ਅੰਤਰਰਾਸ਼ਟਰੀ ਹਵਾਈ ਅੱਡੇ ਮੌਜੂਦ ਹਨ। ਪਰ ਇਹਨਾਂ ਭਾਰਤੀ ਮੂਲ ਦੇ ਵਿਅਕਤੀਆਂ ਨੂੰ ਪੰਜਾਬ ਦੇ ਉੱਪਰ ਦੀ ਲੰਘ ਕੇ ਦਿੱਲੀ ਤੋਂ ਵਾਪਸ ਪੰਜਾਬ ਆਉਣਾ ਪੈਂਦਾ ਹੈ? ਜੋ ਕਿ "ਜੱਗੋ ਤੇਰਵੀਂ ਗੱਲ ਲਗਦੀ ਹੈ"। ਸੋਚਣ ਵਾਲੀ ਗੱਲ ਹੈ ਕਿ ਕਦੇ ਕਿਸੇ ਸਰਕਾਰ ਨੇ ਨਹੀਂ ਸੋਚਿਆ ਕਿ ਦਿੱਲੀ ਜੋ ਦੁਨੀਆਂ ਦਾ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰ ਹੈ, ਟਰੈਫਿਕ ਦੀ ਸਮੱਸਿਆ ਨਾਲ ਜੂਝ ਰਿਹਾ ਹੈ, ਦਾ ਕੁਝ ਹੱਦ ਤੱਕ ਘਟਾਇਆ ਜਾ ਸਕਦਾ ਹੈ ? ਜੇਕਰ ਹਜ਼ਾਰਾਂ ਪ੍ਰਵਾਸੀ ਜੋ ਪੰਜਾਬ ਤੋਂ ਦਿੱਲੀ ਅਤੇ ਵਿਦੇਸ਼ਾਂ ਤੋਂ ਦਿੱਲੀ ਜਹਾਜ਼ ਚੋਂ ਉਤਰ ਕੇ ਪੰਜਾਬ ਨੂੰ ਜਾਂਦੇ ਹਨ, ਨੂੰ ਪੰਜਾਬ ਦੇ ਸ੍ਰੀ ਅੰਮ੍ਰਿਤਸਰ ਸਾਹਿਬ ਜਾਂ ਚੰਡੀਗੜ੍ਹ ਦੇ ਹਵਾਈ ਅੱਡਿਆਂ ਤੇ ਹੀ ਉਤਰਨ ਚੜ੍ਹਨ ਦੀ ਸਹੂਲਤ ਦੇ ਦਿੱਤੀ ਜਾਵੇ? ਸਾਡੀ ਸੰਸਥਾ, *ਐਸੋਸੀਏਸ਼ਨ ਆਫ ਆਪ ਐਨ ਆਰ ਆਈ ਪੈਨਸ਼ਨਰਜ਼, ਅਬਰਾਡ -ਬ੍ਰਿਟਿਸ਼ ਕੋਲੰਬੀਆ ਵਲੋਂ ਹਜਾਰਾਂ ਵਾਰ ਬੇਨਤੀਆਂ ਕੀਤੀਆਂ ਗਈਆਂ ਹਨ ਪਰ ਭਾਰਤ ਸਰਕਾਰ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਚੰਡੀਗੜ੍ਹ ਨੂੰ ਕੈਨੇਡਾ ਤੋਂ ਸਿੱਧੀਆਂ ਉਡਾਣਾਂ ਵਾਲੀ ਸੂਚੀ ਵਿੱਚੋਂ ਬਾਹਰ ਕੱਢ ਰੱਖਿਆ ਹੈ ! ਸੂਚਨਾ ਮਿਲੀ ਹੈ ਕਿ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ 15 ਜੂਨ ਨੂੰ ਕੈਨੇਡਾ ਦੌਰੇ 'ਤੇ ਆ ਰਹੇ ਹਨ। ਜੇਕਰ ਓਹ ਸਾਡੀ ਬੇਨਤੀ ਨੂੰ ਸਵੀਕਾਰ ਕਰਦੇ ਹੋਏ ਕੈਨੇਡਾ ਤੋਂ ਪੰਜਾਬ ਨੂੰ ਸਿੱਧੀਆਂ ਉਡਾਣਾਂ ਦੀ ਘੋਸ਼ਣਾ ਕਰ ਦਿੰਦੇ ਹਨ, ਤਾਂ ਇਸ ਦਾ ਲਾਭ ਦੋਹਾਂ ਪਾਸਿਆਂ 'ਤੇ ਹੋ ਸਕਦਾ ਹੈ—ਇੱਕ ਤਾਂ ਪਰਵਾਸੀਆਂ ਨੂੰ ਸਫ਼ਰ ਆਰਾਮ ਨਾਲ ਕਰਨ ਦੀ ਸਹੂਲਤ ਮਿਲੇਗੀ ਅਤੇ ਦੂਜੇ ਪਾਸੇ ਭਾਰਤ-ਕੈਨੇਡਾ ਰਿਸ਼ਤਿਆਂ ਵਿੱਚ ਨਵਾਂ ਸਾਥ ਮਿਲੇਗਾ। ਸਵਾਲ ਸਿਰਫ਼ ਉਡਾਣਾਂ ਦਾ ਨਹੀਂ, ਭਾਵਨਾ ਅਤੇ ਭਰੋਸੇ ਦਾ ਹੈ। ਜੇ ਭਾਜਪਾ ਦੇ ਨੇਤਾਵਾਂ ਨੂੰ ਇਹ ਗੱਲ ਸਮਝਾਈ ਜਾਵੇ ਕਿ: "ਜੇ NRI ਦਾ ਦਿਲ ਜਿੱਤ ਲਿਆ, ਤਾਂ ਪੰਜਾਬ ਜਿੱਤ ਲਿਆ।"ਤਾਂ ਇਹ ਵੱਡਾ ਰਾਜਨੀਤਿਕ ਲਾਭ ਸਾਬਤ ਹੋ ਸਕਦਾ ਹੈ ਆਮ ਆਦਮੀ ਪਾਰਟੀ ਨੇ ਇਹ ਗੱਲ ਹਕੀਕਤ ਬਣਾਕੇ ਵਿਖਾ ਦਿੱਤੀ—ਉਹਨਾਂ ਨੇ ਬਿਨਾਂ ਵੱਡੀਆਂ ਕੋਸ਼ਿਸ਼ਾਂ ਦੇ ਵੀ ਪੰਜਾਬ ਵਿੱਚ ਸਰਕਾਰ ਬਣਾਈ।

# ਬਾਬਾ ਬੁੱਢਾ ਵੰਸ਼ਜ ਪ੍ਰੋ: ਵਲੋਂ ਛੇਵੇਂ ਪਾਤਸ਼ਾਹ ਜੀ ਦੇ 430 ਸਾਲਾ ਪ੍ਰਕਾਸ਼ ਪੁਰਬ 'ਤੇ ਸ਼ਰਧਾ ਨਾਲ 430 ਘਿਓ ਦੇ ਦੀਵੇ ਜਗਾਏ ਗਏ

**ਅੰਮ੍ਰਿਤਸਰ।** ਬਾਬਾ ਬੁੱਢਾ ਵੰਸ਼ਜ ਪ੍ਰੋ: ਬਾਬਾ ਨਿਰਮਲ ਸਿੰਘ ਰੰਧਾਵਾ ਸਪੁੱਤਰ ਸੰਤ ਅਮਰੀਕ ਸਿੰਘ ਰੰਧਾਵਾ ਮੁੱਖੀ ਸੰਪਰਦਾ ਬਾਬਾ ਬੁੱਢਾ ਵੰਸ਼ਜ ਬਾਬਾ ਸਹਾਰੀ ਗੁਰੂ ਕਾ ਹਾਲੀ ਰੰਧਾਵਾ' ਗੁਰੂ ਕੀ ਵਡਾਲੀ-ਛੇਹਰਟਾ ਵਲੋਂ ਸੰਗਤਾਂ ਸਮੇਤ ਜਪੁਜੀ ਸਾਹਿਬ ਦੇ ਪਾਠ ਅਤੇ ਸਤਿਨਾਮੁ ਵਾਹਿਗੁਰੂ ਜੀ ਦਾ ਜਾਪ ਕਰਵਾਉਂਦੇ ਹੋਏ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ 430 ਸਾਲਾ ਪ੍ਰਕਾਸ਼ ਪੁਰਬ ਦੀ ਖੁਸ਼ੀ 'ਚ ਛੇਵੇਂ ਪਾਤਸ਼ਾਹ ਜੀ ਦੇ ਪ੍ਰਕਾਸ਼ ਅਸਥਾਨ ਗੁਰੂ ਕੀ ਵਡਾਲੀ ਵਿਖੇ ਰਾਤ 12 ਵੱਜਕੇ 35 ਮਿੰਟ 'ਤੇ ਲੰਗਰ ਹਾਲ ਬਾਬਾ ਖੜਕ ਸਿੰਘ ਦੀ ਛੱਤ 'ਤੇ 11 ਜੂਨ ਦੀ ਰਾਤ ਨੂੰ ਢਾਡੀ ਦਰਬਾਰ ਦੀ ਸਮਾਪਤੀ ਦੀ ਅਰਦਾਸ, ਹੁਕਮਨਾਮੇ ਅਤੇ ਆਤਿਸ਼ਬਾਜ਼ੀ ਤੋਂ ਬਾਅਦ 430 ਘਿਓ ਦੇ ਦੀਵਿਆਂ ਦੀ ਅਕ੍ਰਿਤੀ ÷430 ਸਾਲਾ÷ ਬਣਾਕੇ ਘਿਓ ਦੇ ਦੀਵੇ ਜਗਾਕੇ ਛੇਵੇਂ ਪਾਤਸ਼ਾਹ ਜੀ ਦੇ ਪ੍ਰਕਾਸ਼ ਲੈਣ ਦੀਆਂ ਖੁਸ਼ੀਆਂ ਮਨਾਈਆਂ ਗਈਆਂ । '430 ਸਾਲਾ' ਦੀਵੀਆਂ ਦੀ ਬਣਾਈ ਅਕ੍ਰਿਤੀ ਦੇ ਦੀਵੇ ਜਗਾਉਣ ਤੋਂ ਪਹਿਲਾਂ ਪ੍ਰੋ: ਬਾਬਾ ਰੰਧਾਵਾ ਵਲੋਂ ਅਰਦਾਸ ਕੀਤੀ ਗਈ ਅਤੇ ਸਤਿਨਾਮੁ ਵਾਹਿਗੁਰੂ ਦਾ ਸਿਮਰਨ ਕਰਦਿਆਂ ਪਹਿਲਾ ਦੀਵਾ ਜਗਾਕੇ ਦਸ ਹੋਰ ਗੁਰਮੁਖ ਪਿਆਰਿਆਂ ਦੇ ਦੀਵੇ ਜਗਾਕੇ 430 ਦੀਵਿਆਂ ਦੀ ਬਣਾਈ ਅਕ੍ਰਿਤੀ ਦੇ ਦੀਵੇ ਜਗਾਉਣੇ ਆਰੰਭ ਕੀਤੇ । ਦੀਵੀਆਂ ਨੂੰ



ਜਗਾਉਣ ਸਮੇਂ ਭਾਈ ਬਲਵਿੰਦਰ ਸਿੰਘ ਵਲੋਂ ਉਚੀ ਆਵਾਜ਼ ਵਿਚ ਸੰਗਤਾਂ ਨੂੰ ਸਿਮਰਨ ਕਰਵਾਇਆ ਗਿਆ । ਸਿਮਰਨ ਕਰਦਿਆਂ ਦੀਵੇ ਜਗਾਉਣ ਵੇਲੇ ਦਾ ਅਨੰਦ ਬਿਆਨ ਨਹੀਂ ਕੀਤਾ ਜਾ ਸਕਦਾ ਸਿਰਫ ਮਹਿਸੂਸ ਕੀਤਾ ਜਾ ਸਕਦਾ ਹੈ । ਸਾਰੀਆਂ ਸੰਗਤਾਂ ਵਲੋਂ ਪਹਿਲਾਂ 430 ਦੀਵੀਆਂ ਅਕ੍ਰਿਤੀ ਬਣਾਉਣ, ਦੀਵਿਆਂ 'ਚ ਵੱਟੀਆਂ ਅਤੇ ਘਿਓ ਪਾਉਣ ਵੇਲੇ ਲਗਾਤਾਰ 2 ਘੰਟੇ ਸਤਿਨਾਮੁ ਵਾਹਿਗੁਰੂ ਦਾ ਜਾਪ ਕੀਤਾ ਅਤੇ ਦੀਵੇ ਜਗਾਉਣ ਸਮੇਂ ਵੀ ਲਗਭਗ ਦੋ ਘੰਟੇ ਜਾਪ ਕੀਤਾ ਗਿਆ । ਕਈ ਸੰਗਤਾਂ ਘਰ ਤੋਂ ਹੀ ਜਪੁਜੀ ਸਾਹਿਬ ਦੇ ਪਾਠ ਕਰਕੇ ਆਈਆਂ ਸਨ ਅਤੇ ਕਈਆਂ ਨੇ ਮੌਕੇ ਤੇ ਜਪੁਜੀ ਸਾਹਿਬ ਦੇ ਪਾਠ ਕਰਕੇ ਛੇਵੇਂ ਪਾਤਸ਼ਾਹ ਜੀ ਦੀ ਖੁਸ਼ੀਆਂ ਪ੍ਰਾਪਤ ਕੀਤੀਆਂ । ਦੀਵੇ ਜਗਾਉਣ ਦੀ ਸੇਵਾ ਵਿਚ ਪ੍ਰੋ: ਬਾਬਾ ਨਿਰਮਲ ਸਿੰਘ ਰੰਧਾਵਾ ਤੋਂ ਇਲਾਵਾ ਬਾਬਾ ਰਘਬੀਰ ਸਿੰਘ ਰੰਧਾਵਾ, ਭਾਈ ਗੁਰਦੇਵ ਸਿੰਘ, ਭਾਈ ਸੰਤਾ ਸਿੰਘ, ਭਾਈ ਬਲਵਿੰਦਰ ਸਿੰਘ (ਗਾਗਰੀਆਂ ਗੁਰੂ ਕੇ ਮਹਿਲ), ਭਾਈ ਜਗਮੋਹਨ ਸਿੰਘ ਕਲਕੱਤਾ ਤੇ ਪਰਿਵਾਰ, ਭਾਈ ਕੁਲਦੀਪ ਸਿੰਘ ਥੇਹ, ਭਾਈ ਮਦਨ ਸਿੰਘ, ਜਲੰਧਰ ਤੋਂ ਬੀਬੀ ਬਲਜਿੰਦਰ ਕੌਰ ਅਤੇ ਜਸਵਿੰਦਰ ਸਿੰਘ, ਐਡਵੋ: ਪਰਮਜੀਤ ਸਿੰਘ ਤੇਗ ਤੇ ਪਰਿਵਾਰ, ਕਰਨ ਸਿੰਘ ਗਿੱਲ ਅਤੇ ਭਾਰੀ ਗਿਣਤੀ ਵਿੱਚ ਸੰਗਤਾਂ ਨੇ ਹਿੱਸਾ ਪਾਇਆ । ਦੀਵੇ ਜਗਾਉਣ ਉਪਰੰਤ ਸੰਗਤਾਂ ਸਮੇਤ ਪ੍ਰੋ: ਬਾਬਾ ਨਿਰਮਲ ਸਿੰਘ ਰੰਧਾਵਾ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਅਸਥਾਨ (ਭੋਰਾ ਸਾਹਿਬ) ਨਤਮਸਤਕ ਹੋਣ ਤੋਂ ਬਾਅਦ ਭੋਰਾ ਸਾਹਿਬ 'ਚ ਬੈਠੀਆਂ ਸੰਗਤਾਂ ਨੂੰ ਛੇਵੇਂ ਪਾਤਸ਼ਾਹ ਜੀ ਦੇ ਪ੍ਰਕਾਸ਼ ਲੈਣ ਦਾ ਵੱਡਮੁੱਲਾ ਇਤਿਹਾਸ ਸੁਣਾਕੇ ਨਿਹਾਲ ਕੀਤਾ।

# ਵਿਦੇਸ਼ ਭੇਜਣ ਦੇ ਨਾਮ ਤੇ ਠੱਗੀ ਮਾਰਨ ਵਾਲੇ ਟਰੈਵਲ ਏਜੰਟ ਪਤੀ-ਪਤਨੀ ਗ੍ਰਿਫਤਾਰ

**ਬੰਗਾ, ਜਗਦੀਸ਼ ਲਾਲ ਕਲਸੀ**

ਵਿਦੇਸ਼ ਜਾ ਕੇ ਸੋਹਣੀ ਜ਼ਿੰਦਗੀ ਬਣਾਉਣ ਦਾ ਰੁਝਾਨ ਅੱਜ ਕੱਲ੍ਹ ਆਮ ਦੇਖਣ ਨੂੰ ਮਿਲ ਰਿਹਾ ਹੈ,ਕੁਝ ਨੌਜਵਾਨ ਮੁੰਡੇ ਕੁੜੀਆਂ ਆਪਣੀ ਮਿਹਨਤ ਤੇ ਪੜਾਈ ਦੇ ਬਲ ਤੇ ਵਿਦੇਸ਼ ਦੀ ਧਰਤੀ ਤੇ ਜਾ ਰਹੇ ਹਨ ਅਤੇ ਕੁਝ ਭੋਲੇ ਲੋਕ ਠੱਗੀ ਮਾਰਨ ਵਾਲੇ ਟਰੈਵਲ ਏਜੰਟਾਂ ਦੀ ਠੱਗੀ ਦਾ ਸ਼ਿਕਾਰ ਹੋ ਜਾਂਦੇ ਹਨ,ਅਜਿਹਾ ਮਾਮਲਾ ਬੰਗਾ ਸ਼ਹਿਰ ਤੋਂ ਸਾਹਮਣੇ ਆਇਆ ਹੈ,ਜਾਣਕਾਰੀ ਦਿੰਦੇ ਹੋਏ ਥਾਣਾ ਸਿਟੀ ਬੰਗਾ ਦੇ ਮੁਖੀ ਵਰਿੰਦਰ ਕੁਮਾਰ (ਐਸ.ਐਚ.ਓ) ਨੇ ਦੱਸਿਆ ਕਿ ਬੰਗਾ ਦੇ ਨੌਜਵਾਨ ਨੂੰ ਖੇਡਾਂ ਦੇ ਨਾਮ ਤੇ ਬਾਹਰ ਭੇਜਣ ਦੇ ਮਾਮਲੇ ਚ' ਬੰਗਾ ਦੇ ਹੀ ਠੱਗੀ ਮਾਰਨ ਵਾਲੇ ਟਰੈਵਲ ਏਜੇਂਟ (ਪਤੀ-ਪਤਨੀ) ਨੂੰ ਗ੍ਰਿਫਤਾਰ ਕੀਤਾ ਹੈ,ਜਿਹਨਾਂ ਦੀ ਪਹਿਚਾਣ ਹਰਪ੍ਰੀਤ ਸਿੰਘ ਉਰਫ ਮੰਨਾ ਪੁੱਤਰ ਬਲਦੇਵ ਸਿੰਘ ਬੰਗਾ ਅਤੇ ਮਨਪ੍ਰੀਤ ਕੌਰ ਪਤਨੀ ਹਰਪ੍ਰੀਤ ਸਿੰਘ ਉਰਫ਼ ਮੰਨਾ ਵਾਸੀ ਬੰਗਾ ਵਜੋਂ ਹੋਈ ਹੈ,ਮੁਢਲੀ ਤਫ਼ਤੀਸ਼ ਦੌਰਾਨ ਇਹ ਵੀ ਪਤਾ ਲਗਾ ਹੈ ਕਿ ਇਹਨਾਂ ਨੇ ਹੋਰ ਵੀ ਕਈ ਭੋਲੇ ਭਾਲੇ ਲੋਕਾਂ ਨਾਲ ਵਿਦੇਸ਼ ਭੇਜਣ



ਦੇ ਨਾਮ ਤੇ ਠੱਗੀ ਕੀਤੀ ਹੈ,ਚੌਧਰੀ ਵਰਿੰਦਰ ਕੁਮਾਰ ਨੇ ਆਖਿਆ ਕਿ ਇਹਨਾਂ ਦੋਵਾਂ ਨੂੰ ਮਾਣਯੋਗ ਅਦਾਲਤ ਅੱਗੇ ਪੇਸ਼ ਕਰਕੇ ਹੋਰ ਤਫ਼ਤੀਸ਼ ਕਰਨ ਲਈ ਰਿਮਾਂਡ ਹਾਸਿਲ ਕੀਤਾ ਜਾਵੇਗਾ ਤਾਂ ਜੋ ਇਸ ਨਾਲ ਸਬੰਧਿਤ ਹੋਰ ਮੁਰਜਮ ਵੀ ਕਾਬੂ ਕੀਤੇ ਜਾਣ,ਇਸ ਮੌਕੇ ਥਾਣਾ ਮੁਖੀ ਨਾਲ ਹੋਰ ਪੁਲਿਸ ਅਧਿਕਾਰੀ ਵੀ ਮੌਜੂਦ ਸਨ

# ਭਾਜਪਾ ਦੇ ਪੰਜਾਬ ਪ੍ਰਭਾਰੀ ਸ੍ਰੀ ਵਿਜੇ ਰੂਪਾਨੀ ਦੇ ਜਹਾਜ ਹਾਦਸੇ ਦੌਰਾਨ ਹੋਏ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ

**ਤਰਨਤਾਰਨ/ਰਾਕੇਸ਼ ਨਈਅਰ ਚੋਹਲਾ**

ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਨੇਤਾ,ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਅਤੇ ਪੰਜਾਬ ਪ੍ਰਦੇਸ਼ ਇੰਚਾਰਜ ਸ੍ਰੀ ਵਿਜੇ ਰੂਪਾਨੀ ਦੇ ਅਚਾਨਕ ਜਹਾਜ ਹਾਦਸੇ ਦੌਰਾਨ ਅਕਾਲ ਚਲਾਣਾ ਕਰਨ ਅਤੇ ਹਾਦਸੇ ਦੌਰਾਨ ਮਾਰੇ ਗਏ ਸੈਂਕੜੇ ਲੋਕਾਂ ਨਾਲ ਜਿੱਥੇ ਸਾਰੇ ਦੇਸ਼ ਵਿੱਚ ਸਨਸਨੀ ਫੈਲ ਗਈ,ਉੱਥੇ ਹੀ ਭਾਰਤੀ ਜਨਤਾ ਪਾਰਟੀ ਲਈ ਇੱਕ ਅਸਹਿ ਅਤੇ ਅਕਹਿ ਦੁਖਦਾਈ ਭਰਿਆ ਹਾਦਸਾ ਹੋਣਾ ਬਹੁਤ ਵੱਡਾ ਘਾਟਾ ਹੈ।ਆਪਣੀ ਸਾਰੀ ਜ਼ਿੰਦਗੀ ਭਾਰਤੀ ਜਨਤਾ ਪਾਰਟੀ ਅਤੇ ਲੋਕ ਸੇਵਾ ਵਿੱਚ ਬਸਰ ਕਰਨ ਵਾਲੇ ਇਮਾਨਦਾਰ ਅਤੇ ਅਗਾਂਹਵਧੂ ਸੋਚ ਦੇ ਮਾਲਕ ਸ੍ਰੀ ਵਿਜੇ ਰੂਪਾਨੀ ਜੀ ਦੇ ਸਦੀਵੀ ਵਿਛੋੜੇ 'ਤੇ ਤਰਨਤਾਰਨ ਭਾਜਪਾ ਦੇ ਮੁੱਖ ਦਫਤਰ ਵਿਖੇ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਸੰਧੂ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਵੱਲੋਂ ਉਨਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ।ਹਰਜੀਤ ਸਿੰਘ ਸੰਧੂ ਨੇ ਕਿਹਾ ਕਿ ਵੀਰਵਾਰ ਦੁਪਹਿਰ ਨੂੰ ਏਅਰ ਇੰਡੀਆ ਦਾ ਲੰਡਨ ਜਾਣ ਵਾਲਾ ਇੱਕ ਜਹਾਜ ਜੋ ਅਹਿਮਦਾਬਾਦ ਹਵਾਈ ਅੱਡੇ ਨੇੜੇ ਮੇਘਨਾਨੀ ਇਲਾਕੇ ਵਿੱਚ ਉਡਾਨ ਭਰਨ ਤੋਂ ਕੁਝ ਦੇਰ ਬਾਅਦ ਹੀ ਹਾਦਸਾ ਗ੍ਰਸਤ ਹੋ ਗਿਆ। ਜਹਾਜ ਵਿੱਚ ਕਰੀਬ 242 ਲੋਕ ਸਨ। ਇਹ ਹਾਦਸਾ ਅਹਿਮਦਾਬਾਦ ਦੇ ਸਰਦਾਰ ਵੱਲਭਭਾਈ ਪਟੇਲ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਜਹਾਜ ਦੇ ਉਡਾਨ ਭਰਨ ਤੋਂ ਬਾਅਦ ਵਾਪਰਿਆ।ਜਿਸ ਦੌਰਾਨ ਭਾਰਤੀ ਜਨਤਾ ਪਾਰਟੀ ਦੇ ਅਨਮੋਲ ਰਤਨ,ਸਾਡੇ ਮਾਰਗਦਰਸ਼ਕ ਸ੍ਰੀ ਵਿਜੇ ਰੂਪਾਨੀ ਵੀ ਹਾਦਸਾਗ੍ਰਸਤ ਹੋ ਗਏ।ਜਿਸ ਨਾਲ ਸਮੁੱਚੀ ਭਾਰਤੀ ਜਨਤਾ ਪਾਰਟੀ ਦੁਖਾਂਤ ਭਰੇ ਸੋਗ ਵਿੱਚੋਂ ਗੁਜਰ ਰਹੀ ਹੈ। ਹਰਜੀਤ ਸਿੰਘ ਸੰਧੂ ਅਤੇ ਉਨਾਂ ਦੇ ਸਾਥੀਆਂ ਨੇ ਮੁੱਖ ਦਫਤਰ ਵਿਖੇ ਇਸ ਮਹਾਨ ਸਖਸ਼ੀਅਤ ਅਤੇ ਸੱਚੀ ਸੁੱਚੀ ਰੂਹ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਮੋਨ ਧਾਰਨ ਕਰਕੇ ਵਿੱਛੜੀ ਰੂਹ ਦੇ ਭਲੇ ਲਈ ਅਰਦਾਸ ਕੀਤੀ ਅਤੇ ਹਾਦਸੇ ਦੌਰਾਨ ਬਾਕੀ ਮ੍ਰਿਤਕਾਂ ਦੀ ਆਤਮਿਕ ਸ਼ਾਂਤੀ ਲਈ ਵੀ ਅਕਾਲ ਪੁਰਖ ਦੇ ਚਰਨਾਂ ਵਿੱਚ ਅਰਦਾਸ ਕੀਤੀ।ਇਸ ਮੌਕੇ 'ਤੇ ਜ਼ਿਲ੍ਹਾ ਮਹਾਂ ਮੰਤਰੀ ਹਰਪ੍ਰੀਤ ਸਿੰਘ ਸਿੰਦਬਾਦ,ਮਹਾਂ ਮੰਤਰੀ ਸ਼ਿਵ ਕੁਮਾਰ ਸੋਨੀ,ਮਹਾਂ ਮੰਤਰੀ ਸੁਰਜੀਤ ਸਿੰਘ ਸਾਗਰ,ਮੀਤ ਪ੍ਰਧਾਨ ਐਡਵੋਕੇਟ ਸਤਨਾਮ ਸਿੰਘ ਭੁੱਲਰ,ਮੀਤ ਪ੍ਰਧਾਨ ਐਡਵੋਕੇਟ ਜਸਕਰਨ ਸਿੰਘ ਗਿੱਲ,ਮੀਤ ਪ੍ਰਧਾਨ ਰਿਤੇਸ਼ ਚੋਪੜਾ,ਸੀਨੀਅਰ ਆਗੂ ਦਲਬੀਰ ਸਿੰਘ ਅਲਗੋਂ,ਕਿਸਾਨ ਮੋਰਚਾ ਪ੍ਰਧਾਨ ਡਾ. ਅਵਤਾਰ ਸਿੰਘ ਵੇਈਂਪੁਈ,ਐਸਸੀ ਮੋਰਚਾ ਪ੍ਰਧਾਨ ਅਵਤਾਰ ਸਿੰਘ ਬੰਟੀ, ਯੁਵਾ ਮੋਰਚਾ ਪ੍ਰਧਾਨ ਦਿਨੇਸ਼ ਜੋਸ਼ੀ, ਸਰਕਲ ਸ਼ਹਿਰੀ ਪ੍ਰਧਾਨ ਰੋਹਿਤ ਸ਼ਰਮਾ,ਸੀਨੀਅਰ ਆਗੂ ਪਵਨ ਕੁੰਦਰਾ, ਸੀਨੀਅਰ ਆਗੂ ਪਵਨ ਦੇਵਗਨ, ਜ਼ਿਲ੍ਹਾ ਸਕੱਤਰ ਸਵਿੰਦਰ ਸਿੰਘ ਪੰਨੂ, ਸਕੱਤਰ ਹਰਮਨਜੀਤ ਸਿੰਘ ਕੱਲਾ,ਜ਼ਿਲ੍ਹੇ ਦੇ ਸਾਰੇ ਹੀ ਸਰਕਲ ਪ੍ਰਧਾਨ,ਮੋਰਚਿਆਂ ਦੇ ਅਹੁਦੇਦਾਰ,ਸੈੱਲਾਂ ਦੇ ਕਨਵੀਨਰ ਅਤੇ ਹੋਰ ਵੀ ਪ੍ਰਮੁੱਖ ਆਗੂ ਸਾਹਿਬਾਨਾਂ ਵੱਲੋਂ ਇਸ ਸੋਗਮਈ ਇਕੱਤਰਤਾ ਵਿੱਚ ਹਾਜਰੀ ਭਰ ਕੇ ਜਹਾਜ ਹਾਦਸੇ ਦੌਰਾਨ ਅਕਾਲ ਚਲਾਣਾ ਕਰ ਗਏ ਪੰਜਾਬ ਪ੍ਰਦੇਸ਼ ਪ੍ਰਭਾਰੀ ਸ੍ਰੀ ਵਿਜੇ ਰੂਪਾਨੀ ਜੀ ਅਤੇ ਹਾਦਸੇ ਵਿੱਚ ਮਾਰੇ ਗਏ ਮ੍ਰਿਤਕਾਂ ਦੀਆਂ ਵਿੱਛੜੀਆਂ ਰੂਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ।



# ਕਸਬਾ ਝਬਾਲ ਪੰਚਾਇਤ ਪੁਖਤਾਂ ਵਿਖੇ ਛੱਪੜਾਂ ਦੀ ਸਫਾਈ ਦਾ ਕੰਮ ਸ਼ੁਰੂ



**ਝਬਾਲ,ਦਲਜੀਤ ਸਿੰਘ ਚੱਡਾ**

ਅੱਜ ਕਸਬਾ ਝਬਾਲ ਵਿਖੇ ਪੰਚਾਇਤ ਪੁਖਤਾਂ ਦੇ ਸਰਪੰਚ ਸ੍ਰੀਮਤੀ ਕਵਿਤਾ ਸਰਮਾਂ ਦੀ ਹਾਜਰੀ ਵਿੱਚ ਝਬਾਲ ਦੇ ਵਿਕਾਸ ਦੇ ਕੰਮਾ ਦੀ ਸੁਰੂਆਤ ਕਰ ਦਿੱਤੀ ਗਈ ਹੈ।ਝਬਾਲ ਵਿੱਚ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਛੱਪੜਾ ਨੂੰ ਨਵੇਂ ਮਾਡਲ ਤਹਿਤ ਬਨਾਉਣ ਦੀ ਸੁਰੂਆਤ ਕੀਤੀ ਗਈ ਹੈ ਤੇ ਬਾਹਰ ਫਿਰਨੀ ਵਾਲੇ ਛੱਪੜਾ ਨੂੰ ਖਾਲੀ ਕਰਨਾ ਸੁਰੂ ਕਰ ਦਿੱਤਾ ਹੈ ਨਾਲ ਦੇ ਨਾਲ ਹੀ ਖਾਲੀ ਕਰਕੇ ਸਾਫ ਸਫਾਈ ਕਰਕੇ ਇੱਕ ਵਧੀਆਂ ਮਾਡਲ ਛੱਪੜ ਵਿੱਚ ਤਬਦੀਲ ਕਰ ਦਿੱਤਾ ਜਾਵੇਗਾ।ਜਾਣਕਾਰੀ ਦਿੰਦੇ ਹੋਏ ਚੈਅਰਮੇਨ ਰਮਨ ਕੁਮਾਰ ਝਬਾਲ ਨੇ ਦੱਸਿਆਂ ਕਿ ਛੱਪੜ ਦੇ ਨਾਲ ਨਾਲ



ਪਿੰਡ ਵਿੱਚ ਗਲੀਆਂ ਨਾਲੀਆਂ ਦਾ ਕੰਮ ਵੀ ਸੁਰੂ ਕੀਤਾ ਗਿਆ ਹੈ।ਪਿੰਡ ਦੇ ਗੰਦੇ ਪਾਣੀ ਦੀ ਨਿਕਾਸੀ ਵਾਸਤੇ ਪੋਰੇ ਪਾਏ ਜਾ ਰਹੇ ਹਨ।ਹੋਰ ਵੀ ਹੋਣ ਵਾਲੇ ਕੰਮ ਪਹਿਲ ਦੇ ਅਧਾਰ ਤੇ ਕੀਤੇ ਜਾ ਰਹੇ ਹਨ।ਕੋਈ ਵੀ ਝਬਾਲ ਦਾ ਕੰਮ ਅਧੂਰਾ ਨਹੀ ਰਹਿਣ ਦਿੱਤਾ ਜਾਵੇਗਾ।ਇਸ ਮੌਕੇ ਸਰਪੰਚ ਸ੍ਰੀਮਤੀ ਕਵਿਤਾ ਸਰਮਾ ਤੋ ਇਲਾਵਾਂ ਚੈਅਰਮੇਨ ਰਮਨ ਕੁਮਾਰ ਤੇ ਸਮੂੰਹ ਮੈਂਬਰ ਪੰਚਾਇਤ ਤੇ ਹੋਰ ਮੋਹਤਬਰ ਹਾਜਰ ਸਨ।

# ਪਿੰਡ ਬਾਕਰਪੁਰ ਚ ਲੜਾਈ ਝਗੜੇ ਦੋਰਾਨ ਇੱਕ ਜਖਮੀ,ਪਰਿਵਾਰ ਨੇ ਪੰਚਾਇਤ ਤੇ ਲਗਾਏ ਦੋਸ਼

**ਭੁਲੱਥ**

ਥਾਣਾ ਭੁਲੱਥ ਦੇ ਪਿੰਡ ਬਾਕਰਪੁਰ ਵਿਖੇ ਅੱਜ ਪਿੰਡ ਦੇ ਲੜਾਈ ਝਗੜੇ ਦੋਰਾਨ ਇਕ ਵਿਆਕਤੀ ਜਖਮੀ ਹੋਇਆ ਹੈ ਤੇ ਪਰਿਵਾਰ ਨੇ ਇਲਜ਼ਾਮ ਲਗਾਏ ਹਨ ਕਿ ਇਹ ਸਭ ਪਿੰਡ ਦੀ ਪੰਚਾਇਤ ਦੀ ਸ਼ਹਿ ਤੇ ਹੋ ਰਿਹਾ ਹੈ । ਇਸ ਸਬੰਧੀ ਜਾਣਕਾਰੀ ਜਸਵਿੰਦਰ ਕੌਰ ਪਤਨੀ ਸੁਰਿੰਦਰ ਸਿੰਘ ਨੇ ਦੱਸਿਆ ਕਿ ਸਵੇਰੇ 7 ਵਜੇ ਮੈ ਜਦ ਖੂਹ ਤੋ ਘਰ ਵਾਪਸ ਆਈ ਤਾਂ ਪਿੰਡ ਦੇ ਕੁਝ ਵਿਆਕਤੀ ਨੇ ਸਾਡੇ ਦੋਵੇ ਗੇਟਾਂ ਚ ਲੱਗੇ ਸ਼ੀਸ਼ਿਆਂ ਦੀ ਭੰਨਤੋੜ ਕੀਤੀ ਤੇ ਬਾਹਰ ਲੱਗੇ ਕੈਮਰੇ ਵੀ ਲਾਹ ਕੇ ਲੈ ਗਏ ਸਾਡੇ ਘਰ ਦੇ ਨਾਲ ਵਾਲੇ ਖੇਤ ਚ ਲੱਗੇ ਸਫੇਦਿਆਂ ਦੇ ਬੂਟੇ ਵੀ ਵੱਢ ਦਿੱਤੇ ਇਸ ਦੋਰਾਨ ਕੁਝ ਹੀ ਸਮੇ ਬਾਅਦ ਮੇਰੇ ਪਤੀ ਸੁਰਿੰਦਰ ਸਿੰਘ ਟਰੈਕਟਰ ਤੇ ਘਰ ਵਾਪਸ ਆਏ ਤੇ ਉਸਦੀ ਵੀ ਕੁੱਟਮਾਰ ਕੀਤੀ ਜੋ ਕਿ ਭੁਲੱਥ ਸਿਵਲ ਹਸਪਤਾਲ ਵਿੱਚ ਜ਼ੇਰੇ ਇਲਾਜ਼ ਹੈ ਜਸਵਿੰਦਰ ਕੌਰ ਦੇ ਦੱਸਿਆ ਕਿ ਇਸ ਸਭ ਪਿੰਡ ਦੀ ਪੰਚਾਇਤ ਦੀ ਸ਼ਹਿ ਤੇ ਕੰਮ





ਹੋਇਆ ਹੈ । ਜਦੋ ਇਸ ਸਬੰਧੀ ਪਿੰਡ ਬਾਕਰਪੁਰ ਦੇ ਸਰਪੰਚ ਸੁਖਦੀਪ ਸਿੰਘ ਨਾਲ ਗੱਲਬਾਤ ਕੀਤੀ ਤਾਂ ਇਸ ਘਟਨਾਕ੍ਰਮ ਚ ਪੰਚਾਇਤ ਦਾ ਕੋਈ ਰੋਲ ਨਹੀ ਹੈ ਸਰਪੰਚ ਨੇ ਦੱਸਿਆ ਕਿ ਮੈ ਸਵੇਰੇ ਖੇਤਾ ਵਿੱਚ ਸੀ ਜਦੋ ਲੜਾਈ ਦਾ ਪਤਾ ਲੱਗਾ ਤੇ ਮੈ ਉਥੇ ਗਿਆ ਤਾਂ ਸੁਰਿੰਦਰ ਸਿੰਘ ਟਰੈਕਟਰ ਤੇ ਬੈਠ ਕੇ ਉਸ ਨੂੰ ਬੜੀ ਤੇਜ਼ ਤੇਜ਼ ਇਧਰ ਉਧਰ ਚਲਾ ਰਿਹਾ ਸੀ ਮੇਰੇ ਮੋਟਰਸਾਈਕਲ ਚ ਮਾਰ ਕੇ ਮੋਟਰਸਾਈਕਲ ਤੋੜ ਦਿੱਤਾ ਮੈ ਉਥੋ ਭੱਜ ਕੇ ਆਪਣੀ ਜਾਨ ਬਚਾਈ ਜੇਕਰ ਥੋੜੀ ਜਿਹੀ ਵੀ ਦੇਰ ਹੋ ਜਾਂਦੀ ਤਾਂ ਮੈਂ ਟਰੈਕਟਰ ਦੀ ਲਪੇਟ ਵਿੱਚ ਆ ਜਾਣਾ ਸੀ । ਸਰਪੰਚ ਨੇ ਦੱਸਿਆ ਕਿ ਦਰਅਸਲ ਸੁਰਿੰਦਰ ਸਿੰਘ ਦਾ ਆਪਣੇ ਚਾਚੇ ਸੁਖਵਿੰਦਰ ਸਿੰਘ ਨਾਲ ਜ਼ਮੀਨ ਨੂੰ ਲੈ ਕੇ ਝਗੜਾ ਹੈ ਜੋ ਕਿ ਇਨਾ ਦਾ ਪਰਿਵਾਰਕ ਮਾਮਲਾ ਹੈ ਪੰਚਾਇਤ ਦਾ ਇਸ ਝਗੜੇ ਨਾਲ ਕੋਈ ਸਬੰਧ ਨਹੀ ਹੈ